

# ਜੰਗ ਹਿੰਦ ਪੰਜਾਬ:

## ਦਿੱਲੀ ਮੋਰਚੇ ਤੋਂ ਖੁਦਮੁਖਤਿਆਰੀ ਤੱਕ

KHALISTAN CENTRE

ਪੋਹ ਨਾਨਕਸਾਹੀ ਸੰਮਤ ੫੫੨

## ਇਹ ਦਸਤਾਵੇਜ਼ ਖਾਲਿਸਤਾਨ ਕੇਂਦਰ ਵੱਲੋਂ ਤਿਆਰ ਕੀਤਾ ਗਿਆ ਹੈ।

ਖਾਲਿਸਤਾਨ ਕੇਂਦਰ ਦਾ ਮੁੱਖ ਟੀਚਾ ਗੁਰਮਤ ਸਿਧਾਂਤ ਅਨੁਸਾਰੀ ਚੱਲਣ ਵਾਲੀ ਸਮੂਹਕ ਪੰਥਕ ਅਗਵਾਈ ਨੂੰ ਉਸਾਰਨ ਅਤੇ ਸਹਿਯੋਗ ਦੇਣ ਦੇ ਕਾਰਜ ਨਾਲ ਪ੍ਰਣਾਇਆ ਹੋਇਆ ਹੈ।

**ਪੋਹ ਨਾਨਕਸ਼ਾਹੀ ਸੰਮਤ ੫੫੨ / ਜਨਵਰੀ ੨੦੨੧ ਈ.**

This document is licensed under a Creative Commons Attribution-NonCommercial 4.0 International license.

ਅਸੀਂ ਸਵੀਕਾਰ ਕਰਦੇ ਹਾਂ ਕਿ ਖਾਲਿਸਤਾਨ ਕੇਂਦਰ ਕਾਟਜ਼ੀ, ਸੈਮੀਆਹਮੋਹ, ਕਵਾਂਟਲੈਨ, ਅਤੇ ਹੋਰ ਕੋਸਟ ਸੇਲਿਸ਼ ਕੌਮਾਂ ਦੀ ਬਸਤੀਵਾਦੀ ਕਬਜ਼ੇ ਅਧੀਨ ਧਰਤੀ ਉੱਪਰ ਸ਼ੁਸ਼ੋਬਿਤ ਹੈ। ਅਸੀ ਮੂਲਨਿਵਾਸੀ ਕੌਮਾਂ ਦੇ ਇਸ ਦੇਸ਼ ਦੀ ਪ੍ਰਭੂਸੱਤਾ ਦੇ ਦਾਅਵੇ ਨੂੰ ਹੀ ਮਾਨਤਾ ਦਿੰਦੇ ਹਾਂ।

**ਖਾਲਿਸਤਾਨ ਕੇਂਦਰ**
**101 - 12885 85 Ave**
**Surrey, BC**
**Canada**
**V3W 0K8**

**fateh@khalistan.org**

**www.khalistan.org**

**ੴ ਸ੍ਰੀਵਾਹਿਗੁਰੂਜੀਕੀਫਤਹ॥**

ਇਨਗ੍ਰੀਬਸਿੰਘਨਕੌਦਯੈਪਤਿਸ਼ਾਹੀ।

ਏਯਾਦਰਖੈਂਹਮਰੀਗੁਰਿਆਈ।

ਪੰਜਾਬ ਉੱਪਰ ਦਿੱਲੀ ਦੀ ਹਕੂਮਤ ਅਤੇ ਲੁੱਟ ਦਾ ਮੁੱਢ ੧੮੪੯ ਵਿੱਚ ਸਰਕਾਰ-ਏ-ਖਾਲਸਾ ਦੇ ਰਾਜ ਨੂੰ ਹਥਿਆਉਣ ਨਾਲ ਬੱਝਿਆ। ਬਸਤੀਵਾਦੀ ਪ੍ਰਾਜੈਕਟ ਦੇ ਜ਼ਰੀਏ ਫਿਰੰਗੀ ਨੇ ਹਕੂਮਤ ਦੀ ਅਜਿਹੀ ਸਾਮਰਾਜੀ ਘਾੜਤ ਬਣਾਈ ਜਿਸ ਨਾਲ ਮੌਲਿਕ ਪ੍ਰਭੂਸੱਤਾ ਦੇ ਵੱਖ ਵੱਖ ਪ੍ਰਗਟਾਵਿਆਂ ਅਤੇ ਢਾਂਚਿਆਂ ਨੂੰ ਦੁਨੀਆ ਭਰ ਵਿੱਚੋਂ ਖਤਮ ਕਰਕੇ ਉਸ ਦੀ ਥਾਂ ਇੱਕ ਤਾਨਾਸ਼ਾਹੀ ਸਟੇਟ ਢਾਂਚੇ ਦੇ ਰਾਹੀਂ ਜ਼ਮੀਨਾਂ ਅਤੇ ਲੋਕਾਂ ਦਾ ਸ਼ੋਸ਼ਣ ਕਰਨ ਵਾਸਤੇ ਆਪਣਾ ਸਾਮਰਾਜੀ ਗਲਬਾ ਪਾਇਆ।

ਭਾਰਤੀ ਸਟੇਟ ਤੰਤਰ ਉਹੀ ਢਾਂਚਾ ਹੈ ਜਿਸ ਨੂੰ ਫਿਰੰਗੀ ਨੇ ਘੜਿਆ ਅਤੇ ੧੯੪੭ ਵਿੱਚ ਆਪਣੀ ਵਰੋਸਾਈ ਬਿੱਪਰ ਧਿਰ ਨੂੰ ਸੌਂਪਿਆ ਸੀ।

੧੮੪੯ ਤੋਂ ਹੀ ਬਰਤਾਨਵੀ ਬਸਤੀਵਾਦ ਅਤੇ ਭਾਰਤੀ ਰਾਸ਼ਟਰਵਾਦ ਨੇ ਲਗਾਤਾਰ ਆਪਣੇ ਸਾਮਰਾਜਵਾਦੀ ਹਿੱਤਾਂ ਲਈ ਰਾਜ ਦੇ ਔਜ਼ਾਰਾਂ ਦੀ ਪੰਜਾਬ ਨੂੰ ਕੁਚਲਣ ਲਈ ਵਰਤੋਂ ਕੀਤੀ। ਖੇਤੀ ਕਾਨੂੰਨਾਂ ਨੂੰ ਅੱਜ ਜਬਰੀ ਲਾਗੂ ਕਰਨਾ ਭਾਰਤੀ ਹਕੂਮਤ ਦੀ ਪੰਜਾਬ ਉੱਪਰ ਆਪਣੀ ਧੌਂਸ ਜਮਾਉਣ ਦੀ ਹੀ ਇੱਕ ਹੋਰ ਮਿਸਾਲ ਹੈ।

ਮੌਜੂਦਾ ਮੋਰਚਾ ਦੋ ਦੁਸ਼ਮਣਾਂ ਦੇ ਵਿਰੁੱਧ ਇੱਕੋ ਵੇਲੇ ਲੜ ਰਿਹਾ ਹੈ: ਪਹਿਲਾ ਤਾਨਾਸ਼ਾਹੀ ਅਤੇ ਕੇਂਦਰੀਕਰਨ ਅਧਾਰਤ ਭਾਰਤੀ ਸਟੇਟ ਤੰਤਰ ਅਤੇ ਦੂਜਾ ਵਿਸ਼ਵ-ਵਿਆਪੀ ਪੂੰਜੀਵਾਦ ਦੀ ਲੁੱਟ ਅਤੇ ਸਾਮਰਾਜੀ ਗਲਬਾ।

**ਭਾਂਵੇਂ ਕਿ ਮੋਰਚੇ ਦਾ ਫੌਰੀ ਟੀਚਾ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਹੈ, ਇਸ ਦਾ ਸਦੀਵੀ ਹੱਲ ਬਸਤੀਵਾਦ ਵਲੋਂ ਥੋਪੇ ਗਏ ਸਮੁੱਚੇ ਪ੍ਰਬੰਧ (ਰਾਜਸੀ, ਸਮਾਜਕ, ਆਰਥਕ, ਅਤੇ ਗਿਆਨਾਤਮਕ) ਨੂੰ ਫਨਾਹ ਕਰਕੇ ਰਾਜਸੀ ਸੱਤਾ ਦੇ ਵਿਹਾਰ ਨੂੰ ਮੁੱਢੋਂ ਬਦਲ ਕੇ ਨਵਾਂ ਪ੍ਰਬੰਧ ਸਿਰਜਣ ਨਾਲ ਹੀ ਹੋਵੇਗਾ।**

ਸਰਬੱਤ ਦਾ ਭਲਾ ਅਤੇ ਹੰਨੇ ਹੰਨੇ ਮੀਰੀ ਵਾਲੇ ਆਸ਼ਿਆਂ ਨੂੰ ਮੁੱਖ ਰੱਖਦਿਆਂ ਹੋਇਆਂ ਜਮੀਨੀ ਪੱਧਰ ਤੋਂ ਰਾਜ ਦੇ ਇੱਕ ਨਵੇਂ ਨਮੂਨੇ ਦੀ ਲੋੜ ਹੈ। ਇਸ ਅਨੋਖੇ ਰਾਜ ਪ੍ਰਬੰਧ ਦੇ ਨਾਲ ਨਾਲ ਓਹੋ ਜਿਹੇ ਸਮਾਜਕ, ਰਾਜਸੀ, ਅਤੇ ਆਰਥਕ ਪ੍ਰਬੰਧ ਵੀ ਸਿਰਜਣੇ ਪੈਣੇ ਹਨ ਜੋ ਲੋਕਾਂ ਲਈ ਗੈਰਤਮੰਦ ਖੁਸ਼ਹਾਲੀ ਲਿਆ ਸਕਣ, ਸਭਿਆਚਾਰਕ ਵਿਭਿੰਨਤਾ ਨੂੰ ਸਾਂਝੀਵਾਲਤਾ ਅਨੁਸਾਰ ਯਕੀਨੀ ਬਨਾਉਣ, ਅਤੇ ਸਮੁੱਚੇ ਕਾਇਨਾਤ ਨਾਲ ਰੂਹਾਨੀ ਰਿਸ਼ਤੇ ਨੂੰ ਕਾਇਮ ਰੱਖਣ।

ਖਾਲਸਾ ਜੀ ਦਾ ਸੰਘਰਸ਼ ਹਮੇਸ਼ਾਂ ਇਸੇ ਹੀ ਤਰਾਂ ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਕਰ ਕੇ ਸਾਂਝੀਵਾਲਤਾ ਵਾਲਾ ਨਿਆਂਕਾਰੀ ਸਮਾਜ ਅਤੇ ਰਾਜ ਸਥਾਪਤ ਕਰਨ ਦਾ ਰਿਹਾ ਹੈ। ਇਸੇ ਵਿਰਾਸਤ ਦੇ ਚੱਲਦਿਆਂ ਖਾਲਿਸਤਾਨ ਲਈ ਅਰੰਭਿਆ ਸੰਘਰਸ਼ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਪਾਤਸ਼ਾਹੀ ਦਾਅਵੇ ਨੂੰ ਮੁੱਖ ਰੱਖ ਕੇ ਸਰਬੱਤ ਦੇ ਭਲੇ ਵਾਲਾ ਸੁਤੰਤਰ ਹਲੇਮੀ ਰਾਜ ਸਥਾਪਤ ਕਰਨ ਲਈ ਜੱਦੋ-ਜਹਿਦ ਦਾ ਰਿਹਾ ਹੈ। ਇਹ ਸੰਘਰਸ਼ ਜ਼ੁਲਮੀ ਭਾਰਤੀ ਸਟੇਟ, ਪੂੰਜੀਵਾਦ ਦੀ ਆਰਥਕ ਲੁੱਟ ਅਤੇ ਬਿੱਪਰ ਦੇ ਗਲਬੇ ਦੇ ਖਾਤਮੇ ਲਈ ਉਪ-ਮਹਾਂਦੀਪ ਦੇ ਦੱਬੇ ਕੁਚਲੇ ਲੋਕਾਂ ਲਈ ਮੁਕਤੀ ਦੀ ਵਚਨਬੱਧਤਾ ਨਾਲ ਸ਼ੁਰੂ ਹੋਇਆ।

ਅੱਜ ਯੂਰਪੀ ਤਰਜ਼ ਦਾ ਸਟੇਟ ਤੰਤਰ ਅਤੇ ਉਸ ਵੱਲੋਂ ਉਭਾਰੇ ਜਾਂਦੇ ਅਖੌਤੀ "ਵਿਕਾਸ" ਦਾ ਢਾਂਚਾ ਪੰਥ-ਪੰਜਾਬ ਨੂੰ ਸਿੱਖੀ ਦੇ ਬ੍ਰਹਿਮੰਡੀ ਦ੍ਰਿਸ਼ਟੀਕੋਣ, ਨਿਆਂ 'ਤੇ ਅਧਾਰਤ ਸਮਾਜਕ ਢਾਂਚੇ ਅਤੇ ਖੁਦਮੁਖਤਿਆਰੀ ਅਧਾਰਤ ਰਾਜਸੀ ਸੰਕਲਪ ਨਾਲੋਂ ਤੋੜਨ ਵਾਲੀ ਸਾਜਿਸ਼ ਹੈ।।

ਇਸ ਪ੍ਰਕਿਰਿਆਂ ਨੂੰ ਠੱਲ ਪਾਉਣ ਦੇ ਲਈ ਅਤੇ ਹਲੇਮੀ ਰਾਜ ਵਾਲੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪ੍ਰਣਾਲੀਆਂ ਨੂੰ ਮੁੜ ਸੁਰਜੀਤ ਕਰਨ ਦੇ ਰਾਹ ਇਸ ਅਖੌਤੀ ਵਿਕਾਸ ਨੂੰ ਤਿਲਾਂਜਲੀ ਦੇ ਕੇ ਗੁਰਮਤਿ ਵਿੱਚ ਰੰਗੇ ਰੂਹਾਨੀ ਅਮਲ ਅਤੇ ਖਾਲਸਾਈ ਸੰਘਰਸ਼ ਵਿੱਚੋਂ ਨਿੱਕਲਣਗੇ।

## ਨਵੇਂ ਖੇਤੀ ਕਾਨੂੰਨਾਂ ਦੇ ਮਾਰੂ ਪ੍ਰਭਾਵ

ਭਾਰਤੀ ਹਕੂਮਤ ਨੇ ਸਤੰਬਰ ਦੇ ਮਹੀਨੇ ਆਪਣੀ ਸੰਸਦੀ ਪ੍ਰਣਾਲੀ ਦਾ ਹੀ ਘਾਣ ਕਰਦਿਆਂ ਤਿੰਨ ਨਵੇਂ ਖੇਤੀ ਕਾਨੂੰਨ ਪਾਸ ਕਰ ਦਿੱਤੇ। ਖੇਤੀ ਸੁਧਾਰਾਂ ਵਜੋਂ ਦੱਸੇ ਜਾਂਦੇ ਇਹ ਨਵੇਂ ਕਾਨੂੰਨ ਅਸਲ ਵਿੱਚ ਪੰਜਾਬ ਨੂੰ ਸਿੱਧੇ ਤੌਰ 'ਤੇ ਤਬਾਹੀ ਵੱਲ ਲੈ ਜਾਣ ਵਾਲੇ ਸੰਦ ਹਨ। ਇਹ ਕਾਨੂੰਨ ਨਾ ਸਿਰਫ਼ ਪਹਿਲੋਂ ਹੀ ਲੀਹੋਂ ਲੱਥੀ ਤੇ ਸਰਾਪ ਬਣ ਗਈ ਖੇਤੀ ਪ੍ਰਣਾਲੀ ਵਿੱਚਲੀ ਮਾਮੂਲੀ ਸਹੂਲਤ ਨੂੰ ਹੀ ਖੋਖਲਾ ਕਰਨਗੇ ਸਗੋਂ ਜ਼ਮੀਨਾਂ ਉੱਪਰ ਕਾਰਪੋਰੇਟਾਂ ਦੇ ਕਬਜ਼ੇ ਨੂੰ ਯਕੀਨੀ ਬਣਾਉਣ ਅਤੇ ਰਾਜਸੀ ਸੱਤਾ ਨੂੰ ਦਿੱਲੀ ਦੇ ਦਬਦਬੇ ਥੱਲੇ ਇਕੱਠੀ ਕਰਨ ਲਈ ਵੀ ਸਹਾਈ ਹੋਣਗੇ।

ਇਸ ਚੱਲ ਰਹੀ ਲਹਿਰ ਨੂੰ ਸਮਝਣ ਲਈ ਬਹੁਤ ਸਾਰੀਆਂ ਪਰਤਾਂ ਅਤੇ ਦ੍ਰਿਸ਼ਟੀਕੋਣਾਂ ਦੇ ਵਿਸ਼ਲੇਸ਼ਣ ਦੀ ਲੋੜ ਹੈ। ਭਾਵੇਂ ਪੂਰੇ ਉਪ-ਮਹਾਂਦੀਪ ਦੇ ਸਾਂਝੇ ਖਿੱਤੇ ਦੇ ਤੌਰ 'ਤੇ ਕੁਝ ਸਾਂਝੇ ਮਸਲੇ ਵੀ ਹਨ ਪਰ ਪੰਥ ਅਤੇ ਪੰਜਾਬ ਉੱਪਰ ਇਹਨਾਂ ਦੇ **ਤਿੰਨ ਵੱਖਰੀ ਕਿਸਮ ਦੇ ਪ੍ਰਭਾਵ** ਵੀ ਪੈਣੇ ਹਨ ਜਿੰਨ੍ਹਾਂ ਨੂੰ ਜਾਨਣ-ਸਮਝਣ ਦੀ ਲੋੜ ਹੈ ਤਾਂ ਜੋ ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਤੋਂ ਮਿਲੇ ਖਾਸ ਅਤੇ ਬੇਮਿਸਾਲ ਹੁੰਗਾਰੇ ਨੂੰ ਸਮਝਿਆ ਜਾ ਸਕੇ। ਇਹ ਤਿੰਨੋ ਪ੍ਰਭਾਵ ਭਾਂਵੇ ਆਪਸ ਵਿੱਚ ਇਸ ਤਰ੍ਹਾਂ ਰਲੇ-ਮਿਲੇ ਹਨ ਕਿ ਇਹਨਾਂ ਨੂੰ ਨਿਖੇੜ ਕੇ ਵੇਖਣਾ ਕਾਫ਼ੀ ਮੁਸ਼ਕਲ ਹੈ ਪਰ ਫ਼ਿਰ ਵੀ ਇਹਨਾਂ ਨੂੰ ਵੱਖੋ-ਵੱਖਰਾ ਸਮਝਣਾ ਲਾਹੇਵੰਦ ਰਹੇਗਾ।

### ਕਿਰਤ ਦੀ ਲੁੱਟ

ਪੰਜਾਬ ਦੀ ਵਿਸ਼ਾਲ ਬਹੁਗਿਣਤੀ ਸਿੱਧੇ ਤੌਰ 'ਤੇ ਖੇਤੀਬਾੜੀ ਦੇ ਕਿੱਤੇ ਵਿੱਚ ਰੁੱਝੀ ਹੈ ਜਦਕਿ ਬਾਕੀ ਦਾ ਹਿੱਸਾ ਵੀ ਅਸਿੱਧੇ ਤੌਰ 'ਤੇ ਖੇਤੀਬਾੜੀ ਉੱਪਰ ਨਿਰਭਰ ਹੈ। ਜਿਸ ਖਿੱਤੇ ਦੀ ਆਰਥਿਕਤਾ ਲਗਭਗ ਪੂਰੀ ਤਰ੍ਹਾਂ ਖੇਤੀਬਾੜੀ ਉੱਪਰ ਖੜ੍ਹੀ ਹੋਵੇ ਉੱਥੇ ਕਾਰਪੋਰੇਟਾਂ ਦੇ ਖੇਤਾਂ ਉੱਪਰ ਕਬਜ਼ੇ ਕਰਵਾਉਣ ਨਾਲ ਸਿਰਫ ਭਾਰੀ ਆਰਥਿਕ ਤਬਾਹੀ ਹੀ ਨਹੀਂ ਹੋਵੇਗੀ ਬਲਕਿ ਪੂੰਜੀ ਅਤੇ ਰਾਜ-ਸੱਤਾ ਵੀ ਹੋਰ ਤੇਜ਼ੀ ਨਾਲ ਇੱਕੋ ਹੀ ਜੁੰਡਲੀ ਦੇ ਹੱਥਾਂ ਵਿਚ ਕੇਂਦਰਿਤ ਹੋ ਜਾਵੇਗੀ।

ਖੇਤੀਬਾੜੀ ਕਿੱਤੇ ਉੱਪਰ ਇਹ ਅਸੰਤੁਲਿਤ ਅਤੇ ਬੇਤਹਾਸ਼ਾ ਨਿਰਭਰਤਾ ੧੯੪੭ ਤੋਂ ਬਾਅਦ ਚੱਲੀ ਭਾਰਤੀ ਹਕੂਮਤ ਦੀ ਸਟੇਟ ਉਸਾਰੀ ਦੀ ਪ੍ਰਕਿਰਿਆ ਦਾ ਹੀ ਇੱਕ ਨਤੀਜਾ ਹੈ ਜਿਸ ਵਿੱਚ ਜਾਣ-ਬੁੱਝ ਕੇ ਪੰਜਾਬ ਨੂੰ ਪਿਛਾਂਹ ਰੱਖਿਆ ਗਿਆ ਤਾਂ ਜੋ ਸਟੇਟ ਦੀ ਭੋਜਨ ਅਤੇ ਰਾਸ਼ਟਰੀ ਸੁਰੱਖਿਆ ਦੀ ਪੂਰਤੀ ਪੰਜਾਬ ਦੇ ਸ਼ੋਸ਼ਣ ਰਾਹੀਂ ਕੀਤੀ ਜਾ ਸਕੇ।

ਸੱਤਾ ਦੇ ਕੇਂਦਰੀਕਰਨ ਕਰਕੇ ਪੰਜਾਬ ਵੱਲੋਂ ਖੇਤੀ ਵਿਭਿੰਨਤਾਂ ਅਤੇ ਹੋਰ ਉਦਯੋਗ ਲਗਾਉਣ ਦੀਆਂ ਕੋਸ਼ਿਸ਼ਾਂ ਨੂੰ ਦਿੱਲੀ ਨੇ ਸਾਫ ਰੱਦ ਕਰਦਿਆਂ ਬਹੁਤਾਂਤ ਵਿੱਚ ਸਿਰਫ ਕਣਕ ਅਤੇ ਚੌਲ ਪੈਦਾ ਕਰਨ ਲਈ ਮਜ਼ਬੂਰ ਕੀਤਾ। ਇਹਨਾਂ ਛਲਕਪਟੀ ਨੀਤੀਆਂ ਨੇ ਆਰਥਿਕ ਵਿਭਿੰਨਤਾ (economic diversification) ਨੂੰ ਦਰਕਿਨਾਰ ਕਰਕੇ ਪੰਜਾਬ ਦੇ ਖੇਤੀਬਾੜੀ ਢਾਂਚੇ ਨੂੰ ਇਸ ਤਰ੍ਹਾਂ ਵਿਗਾੜਿਆ ਜਿਸ ਨਾਲ ਪੰਜਾਬ ਵਿੱਚ ਵਾਤਾਵਰਣ ਦੀ ਤਬਾਹੀ ਹੋਈ, ਕਿਸਾਨ ਕਰਜ਼ੇ ਦੇ ਜੰਜਾਲ ਤੋਂ ਖੁਦਕਸ਼ੀਆਂ ਦੇ ਰਾਹ ਪਿਆ, ਅਤੇ ਪੰਜਾਬ ਦੀ ਜਵਾਨੀ ਪਰਵਾਸ ਕਰਨ ਲਈ ਮਜ਼ਬੂਰ ਹੋਈ। **ਅਸਲ ਵਿੱਚ ਪੰਜਾਬ ਅਤੇ ਇਸ ਦਾ ਖੇਤੀਬਾੜੀ ਢਾਂਚਾ ਇਹਨਾਂ ਕਾਨੂੰਨਾਂ ਦੇ ਆਉਣ ਤੋਂ ਪਹਿਲਾਂ ਹੀ ਤਬਾਹੀ ਦੇ ਕੰਢੇ ਸੀ।**

### ਸੱਤਾ ਦਾ ਕੇਂਦਰੀਕਰਨ

ਇਨ੍ਹਾਂ ਨੀਤੀਆਂ ਨੂੰ ਜਬਰੀ ਲਾਗੂ ਕਰਨਾ ਭਾਰਤੀ ਹਕੂਮਤ ਦੀ ਪੰਜਾਬ ਅਤੇ ਹੋਰ ਖੇਤਰਾਂ ਨੂੰ ਖੁਦਮੁਖਤਿਆਰੀ ਤੋਂ ਵਾਂਝੇ ਕਰਨ ਅਤੇ ਆਪਣੀ ਧੌਂਸ ਜਮਾਉਣ ਦੀ ਹੀ ਇੱਕ ਹੋਰ ਮਿਸਾਲ ਹੈ। ਭਾਵੇਂ ਭਾਰਤ ਦਾ ਖੋਟਾ ਸੰਵਿਧਾਨ ਕੁਝ ਹੱਦ ਤੱਕ ਸੂਬਿਆਂ ਨੂੰ ਖੇਤੀਬਾੜੀ ਸਮੇਤ ਹੋਰਨਾਂ ਖੇਤਰਾਂ ਵਿੱਚ ਮਾਮੂਲੀ ਮੁਖਤਿਆਰੀ ਦਿੰਦਾ ਹੈ ਪਰ ਇਸ ਤਰ੍ਹਾਂ ਦੇ ਪ੍ਰਬੰਧਾਂ ਨੂੰ ਵੀ ਪੰਜਾਬ, ਕਸ਼ਮੀਰ ਜਾਂ ਹੋਰ ਵਿਲੱਖਣ ਹੋਂਦ ਰੱਖਣ ਵਾਲੇ ਖੇਤਰਾਂ ਵਿੱਚ ਲਗਾਤਾਰ ਖੋਖਲਾ ਕੀਤਾ ਜਾ ਰਿਹਾ ਹੈ। ਪਿਛਲਿਆਂ ਕਈ ਸਾਲਾਂ ਦੌਰਾਨ ਅਸੀਂ ਵੇਖਿਆ ਕਿਵੇਂ ਰਾਜਾਂ ਦੇ ਮਾਲੀਏ ਨੂੰ ਕੇਂਦਰ ਵੱਲੋਂ ਟੈਕਸਾਂ ਦੇ ਕੇਂਦਰੀਕਰਨ (G.S.T) ਦੁਆਰਾ ਖੋਹਿਆ ਗਿਆ ਅਤੇ ਕਿਵੇਂ ਰਾਜਾਂ ਦੇ ਅਧਿਕਾਰਾਂ ਨੂੰ ਨਵੀਂ ਸਿੱਖਿਆ ਨੀਤੀ ਬਨਾਉਣ ਵੇਲੇ ਦਰੜਿਆ ਗਿਆ।

ਇਹਨਾਂ ਖੇਤੀਬਾੜੀ ਬਿੱਲਾਂ ਨੂੰ ਪਾਸ ਕਰਕੇ ਦਿੱਲੀ ਨੇ ਇਕ ਵਾਰ ਫਿਰ ਪੰਜਾਬ ਦੀ ਖੇਤੀ ਨੀਤੀ ਉੱਤੇ ਫੈਸਲਾ ਲੈਣ ਦੇ ਅਧਿਕਾਰ ਨੂੰ ਠਿੱਠ ਕਰਕੇ ਆਪਣੀ ਹੈਂਕੜ ਨਾਲ ਕੇਂਦਰੀ ਸ਼ਕਤੀਆਂ ਵਿੱਚ ਹੋਰ ਵਾਧਾ ਕਰ ਲਿਆ ਹੈ। ਇਸ ਤੋਂ ਇਲਾਵਾ ਇਹਨਾਂ ਬਿੱਲਾਂ ਦੇ ਕਈ ਮੱਦ ਐਸੇ ਹਨ ਜੋ ਦਿੱਲੀ ਤਖ਼ਤ ਨੂੰ ਇਹ ਸਿੱਧੇ ਅਖਤਿਆਰ ਦਿੰਦੇ ਹਨ ਕਿ ਉਹ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਰਾਜ ਸਰਕਾਰ ਨੂੰ ਆਪਣੇ ਵਿਧਾਨਕ ਟੀਚੇ ਲਾਗੂ ਕਰਨ ਲਈ ਕੋਈ ਵੀ ਅਦੇਸ਼ ਜਾਰੀ ਕਰਕੇ ਉਸ ਦੀ ਪਾਲਣਾ ਕਰਨ ਲਈ ਮਜ਼ਬੂਰ ਕਰ ਸਕਦਾ ਹੈ।

ਇਸ ਢਾਂਚੇ ਦੀ ਇਹ ਬੁਨਿਆਦੀ ਟੇਢ ਹੀ ਇਹਨਾਂ ਵਿਨਾਸ਼ਕਾਰੀ ਨੀਤੀਆਂ ਦਾ ਰਾਹ ਪੱਧਰਾ ਕਰਦੀ ਹੈ ਜਿਹੜੀਆਂ ਦਹਾਕਿਆਂ ਤੋਂ ਪੰਜਾਬ ਅਤੇ ਉਪ-ਮਹਾਂਦੀਪ ਦੇ ਹੋਰ ਖੇਤਰਾਂ ਉੱਤੇ ਥੋਪੀਆਂ ਗਈਆਂ ਹਨ। **ਜਦੋਂ ਤੱਕ ਦਿੱਲੀ ਭਾਰਤੀ ਉਪ-ਮਹਾਂਦੀਪ ਵਿੱਚ ਆਪਣੀ ਇਕਤਰਫ਼ਾ ਇੱਛਾ ਨੂੰ ਥੋਪਣ ਦੇ ਕਾਬਲ ਰਹੇਗੀ ਉਦੋਂ ਤੱਕ ਦੱਖਣੀ ਏਸ਼ੀਆ ਦੇ ਲੋਕ ਭਾਰਤੀ ਸਟੇਟ ਅਤੇ ਇਸਦੇ ਸਮਾਜਿਕ ਪ੍ਰਬੰਧ ਦੁਆਰਾ ਸਥਾਪਤ ਕੀਤੀ ਜਾ ਰਹੀ ਤਾਨਾਸ਼ਾਹੀ, ਸ਼ੋਸ਼ਣ, ਅਤੇ ਬ੍ਰਾਹਮਣਵਾਦੀ ਜਾਤੀ ਦਰਜਾਬੰਦੀ ਹੇਠ ਗੁਲਾਮ ਰਹਿਣਗੇ।**

### ਸਭਿਆਚਾਰਕ ਨਸਲਕੁਸ਼ੀ

ਸਿੱਧੇ ਰਾਜਨੀਤਿਕ ਅਤੇ ਆਰਥਿਕ ਮਾਰੂ ਪ੍ਰਭਾਵਾਂ ਤੋਂ ਇਲਾਵਾ ਇਹਨਾਂ ਕਾਨੂੰਨਾਂ ਦੇ ਸਪਸ਼ਟ ਤੌਰ 'ਤੇ ਪੰਜਾਬ ਉੱਪਰ ਪੈਣ ਵਾਲੇ ਖਾਸ ਪ੍ਰਭਾਵਾਂ ਨੂੰ ਪਛਾਣਨਾ ਵੀ ਜਰੂਰੀ ਹੈ। ਇਤਿਹਾਸਕ ਤੌਰ ਤੇ ਪੰਜਾਬ ਉਹ ਧਰਤੀ ਹੈ ਜਿਥੇ ਸਿੱਖ ਇਤਿਹਾਸ ਅਤੇ ਸਿੱਖ ਸੰਸਥਾਵਾਂ ਦਾ ਵਿਕਾਸ ਹੋਇਆ। ਸਾਡੇ ਬਹੁਤੇ ਲੋਕ ਪੰਜਾਬ ਵਿੱਚ ਹੀ ਵਸਦੇ ਹਨ ਜਿੱਥੋਂ ਦੀ ਆਬੋ ਹਵਾ ਵਿੱਚੋਂ ਪੀੜ੍ਹੀ ਦਰ ਪੀੜ੍ਹੀ ਸਾਡੀ ਸੱਭਿਅਤਾ ਦਾ ਵਿਕਾਸ ਤੇ ਸੰਚਾਰ ਹੁੰਦਾ ਆਇਆ ਹੈ।

ਇਸ ਖਾਸੀਅਤ ਕਰਕੇ ਪੰਜਾਬ ਦੀ ਖੇਤੀਬਾੜੀ ਅਤੇ ਪਿੰਡਾਂ ਵਿੱਚ ਪੂੰਜੀਵਾਦ ਦਾ ਡੂੰਘਾ ਪ੍ਰਵੇਸ਼ ਸਿਰਫ਼ ਸਾਡੀ ਆਰਥਿਕ ਅਤੇ ਰਾਜਨੀਤਿਕ ਲੁੱਟ ਹੀ ਨਹੀਂ ਕਰਦਾ ਸਗੋਂ ਸਾਡੇ ਸਮਾਜਿਕ ਤਾਣੇ ਬਾਣੇ ਨੂੰ ਵੀ ਤਬਾਹ ਕਰਦਾ ਹੈ ਜਿਸ ਰਾਹੀਂ ਸਾਡੀ ਸਭਿਆਚਾਰਕ ਅਤੇ ਸਥੂਲ ਹੋਂਦ ਹਸਤੀ ਕਾਇਮ ਰੱਖਣ ਦਾ ਅਧਾਰ ਹੈ। ਦੁਨੀਆ ਭਰ ਵਿੱਚ ਪੂੰਜੀਵਾਦ ਅਤੇ ਅਖੌਤੀ 'ਵਿਕਾਸ' ਦੇ ਪ੍ਰਵਚਨ ਨੂੰ ਬਸਤੀਵਾਦੀ ਸਾਧਨ ਵਜੋਂ ਸਮਾਜਿਕ ਸਬੰਧਾਂ ਨੂੰ ਤੋੜ ਮ੍ਰੋੜ ਕੇ ਇਕਸਾਰ ਪਦਾਰਥਵਾਦ ਅਤੇ ਖਪਤਕਾਰੀ ਦੇ ਸੱਭਿਆਚਾਰ ਨੂੰ ਉਭਾਰਕੇ, ਰਾਜਨੀਤਕ ਵਿਦਰੋਹ ਅਤੇ ਬਗਾਵਤਾਂ ਨੂੰ ਕੁਚਲਣ ਲਈ ਵਰਤਿਆ ਜਾਂਦਾ ਹੈ। **ਇਸ ਹਕੀਕਤ ਦੇ ਮੱਦੇਨਜ਼ਰ ਹਿੰਦੂ ਰਾਸ਼ਟਰ ਦੇ ਹਿੰਦੂਤਵੀ ਪ੍ਰਾਜੈਕਟ ਲਈ ਵਚਨਬੱਧ ਸਟੇਟ ਦੇ ਸੰਧਰਭ ਵਿੱਚ ਇਹ ਕਨੂੰਨ ਸੱਭਿਆਚਾਰਕ ਨਸਲਕੁਸ਼ੀ ਦੀ ਬੁਨਿਆਦ ਰੱਖਦੇ ਹਨ।**


ADANI + AMBANI
=
NEW EAST INDIA
COMPANY

## ਪਿਛੋਕੜ

ਪੰਜਾਬ ਵਿਚ ਇਹਨਾਂ ਮਾਰੂ ਪ੍ਰਭਾਵਾਂ ਦੇ ਬੁਨਿਆਦੀ ਕਾਰਨਾਂ ਨੂੰ ਸਮਝਣ ਲਈ ਭਾਰਤ ਹਕੂਮਤ ਦੇ ਖਾਸੇ ਦੇ ਉਹਨਾਂ ਤਿੰਨ ਤੱਤਾਂ ਨੂੰ ਜਾਣਨਾ ਜ਼ਰੂਰੀ ਹੈ ਜੋ ਇਸ ਰਾਜ ਨੂੰ ਆਪਣੀ ਬਸਤੀਵਾਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਇੱਕ ਹਿੰਸਕ ਇਕਾਈ ਵਜੋਂ ਬਰਕਰਾਰ ਰੱਖਦੇ ਹਨ।

### ਬਸਤੀਵਾਦੀ ਸਟੇਟ ਤੰਤਰ ਦਾ ਢਾਂਚਾ

ਪੰਜਾਬ ਉੱਪਰ ਦਿੱਲੀ ਦੀ ਹਕੂਮਤ ਅਤੇ ਲੁੱਟ ਦਾ ਮੁੱਢ ੧੮੪੯ ਵਿੱਚ ਸਰਕਾਰ-ਏ-ਖਾਲਸਾ ਦੇ ਰਾਜ ਨੂੰ ਹਥਿਆਉਣ ਨਾਲ ਬੱਝਿਆ। ਇਹ ਆਖ਼ਰੀ ਵਾਰ ਸੀ ਜਦੋਂ ਪੰਥ-ਪੰਜਾਬ ਨੇ ਆਪਣੇ ਸਿਧਾਂਤਾਂ ਅਤੇ ਲੋੜਾਂ ਅਨੁਸਾਰੀ ਨੀਤੀਆਂ ਲਾਗੂ ਕਰਦਿਆਂ ਸੁਤੰਤਰ ਰਾਜ ਕੀਤਾ। ੧੮੪੯ ਤੋਂ ਹੀ ਬਰਤਾਨਵੀ ਬਸਤੀਵਾਦ ਅਤੇ ਭਾਰਤੀ ਰਾਸ਼ਟਰਵਾਦ ਨੇ ਆਪਣੇ ਸਾਮਰਾਜਵਾਦੀ ਹਿੱਤਾਂ ਲਈ ਰਾਜ ਦੇ ਔਜ਼ਾਰਾਂ ਦੀ ਪੰਜਾਬ ਨੂੰ ਕੁਚਲਨ ਅਤੇ ਲੁੱਟਣ ਲਈ ਵਰਤੋਂ ਕੀਤੀ।

ਬਸਤੀਵਾਦੀ ਪ੍ਰਾਜੈਕਟ ਦੇ ਜ਼ਰੀਏ ਫਿਰੰਗੀ ਨੇ ਹਕੂਮਤ ਦੀ ਅਜਿਹੀ ਸਾਮਰਾਜੀ ਘਾੜਤ ਬਣਾਈ ਜਿਸ ਨਾਲ ਮੌਲਿਕ ਪ੍ਰਭੂਸੱਤਾ ਦੇ ਵੱਖ ਵੱਖ ਪ੍ਰਗਟਾਵਿਆਂ ਅਤੇ ਢਾਂਚਿਆਂ ਨੂੰ ਦੁਨੀਆ ਭਰ ਵਿੱਚੋਂ ਖਤਮ ਕਰਕੇ ਉਸ ਦੀ ਥਾਂ ਇੱਕ ਤਾਨਾਸ਼ਾਹੀ ਸਟੇਟ ਢਾਂਚੇ ਰਾਹੀਂ ਜ਼ਮੀਨਾਂ ਅਤੇ ਲੋਕਾਂ ਦਾ ਸ਼ੋਸ਼ਣ ਕਰਨ ਵਾਸਤੇ ਆਪਣਾ ਸਾਮਰਾਜੀ ਗਲਬਾ ਪਾਇਆ। **ਫਿਰੰਗੀ ਦਾ ਸਾਮਰਾਜਵਾਦੀ ਸਟੇਟ ਤੰਤਰ ਰਾਹੀਂ ਰਾਜ ਪ੍ਰਬੰਧ ਦਾ ਅਜਿਹਾ ਨਮੂਨਾ ਸਿਰਜਿਆ ਗਿਆ ਜੋ ਦੁਨੀਆ ਭਰ ਦੀਆਂ ਬਸਤੀਆਂ ਵਿੱਚ ਜਮਹੂਰੀਅਤ ਦਾ ਬੁਰਕਾ ਪਵਾ ਕੇ ਸ਼ੋਸ਼ਣ ਅਤੇ ਕਬਜ਼ੇ ਨੂੰ ਵਧੇਰੇ ਕੁਸ਼ਲ ਬਣਾਉਂਦਾ ਸੀ।** ਭਾਵ ਕਿ ਸਟੇਟ ਤੰਤਰ ਇੱਕ ਖਾਸ ਕਿਸਮ ਦਾ ਰਾਜ ਪ੍ਰਬੰਧ ਹੈ ਜੋ ਕਿ ਬਸਤੀਵਾਦੀ ਪ੍ਰਵਚਨ ਵਿੱਚੋਂ ਪੱਛਮੀ ਗਲਬਾ ਅਤੇ ਲੁੱਟ ਨੂੰ ਯਕੀਨੀ ਬਨਾਉਣ ਦੀ ਮਨਸ਼ਾ ਵਿਚੋਂ ਪੈਦਾ ਹੋਇਆ। ਇਸ ਹਿਸਾਬ ਨਾਲ ਦੁਨੀਆਂ ਭਰ ਦੇ ਵਿਲੱਖਣ ਪ੍ਰਬੰਧਾਂ (ਜਿਸ ਵਿੱਚ ਰਾਜ ਪ੍ਰਬੰਧ, ਸਮਾਜਕ ਢਾਂਚੇ, ਗਿਆਨ ਪ੍ਰਬੰਧ, ਅਤੇ ਆਰਥਿਕਤਾ ਵੀ ਆਉਂਦੇ ਹਨ) ਨੂੰ ਨਸ਼ਟ ਕਰਦਿਆਂ ਪੱਛਮੀ ਤਰਜ਼-ਏ-ਜ਼ਿੰਦਗੀ ਵਿੱਚ ਜਜ਼ਬ ਕੀਤਾ ਅਤੇ ਆਪਣਾ ਸਥਾਈ ਗਲਬਾ ਸਥਾਪਤ ਕੀਤਾ।

ਭਾਰਤੀ ਸਟੇਟ ਤੰਤਰ ਉਹੀ ਢਾਂਚਾ ਹੈ ਜਿਸ ਨੂੰ ਫਿਰੰਗੀ ਨੇ ੧੯੪੭ ਵਿੱਚ ਆਪਣੀ ਵਰੋਸਾਈ ਬਿੱਪਰ ਧਿਰ ਨੂੰ ਸੌਂਪਿਆ ਸੀ। ਸੱਤਾ ਦੇ ਤਬਾਦਲੇ ਨੇ ਇਹ ਨਿਸ਼ਚਿਤ ਕੀਤਾ ਸੀ ਕਿ ਸਾਮਰਾਜੀ ਸਬੰਧ ਉਵੇਂ ਹੀ ਬਰਕਰਾਰ ਰੱਖੇ ਜਾਣ ਅਤੇ ਆਧੁਨਿਕ ਭਾਰਤ ਵਿੱਚ ਏਸੇ ਨੂੰ ਕੇਂਦਰ-ਰਾਜ ਸਬੰਧਾਂ ਦਾ ਆਧਾਰ ਬਣਾਇਆ ਗਿਆ ਹੈ। ਬਸਤੀਵਾਦੀ ਪ੍ਰਬੰਧਾਂ ਵਿੱਚ ਭਾਂਵੇ ਇਹ ਤਬਦੀਲੀ ਸੀ ਪਰ ਇਹ ਬਸਤੀਵਾਦ ਦੇ ਅੰਤ ਦੀ ਜਗ੍ਹਾ ਸਾਮਰਾਜ ਦੇ ਵਿਸ਼ਵ ਰਾਜ ਪ੍ਰਬੰਧ ਦਾ ਇੱਕ ਬਦਲਿਆ ਹੋਇਆ ਰੂਪ ਹੀ ਬਣਿਆ। ਦੂਜੇ ਸ਼ਬਦਾਂ ਵਿਚ ੧੯੪੭ ਦੀ ਅਖੌਤੀ ਅਜ਼ਾਦੀ ਬਸਤੀਵਾਦ ਦੇ ਖਾਤਮੇ ਦਾ ਕਾਰਨ ਨਹੀਂ ਬਣ ਸਕੀ। ਇਸ ਦੇ ਬਾਵਜੂਦ ਬਸਤੀਵਾਦੀ ਪ੍ਰਵਚਨ,ਢਾਂਚੇ ਅਤੇ ਸੱਤਾ ਉਵੇਂ ਹੀ ਕਾਇਮ ਰਹੇ ਅਤੇ ਅੱਜ ਤੱਕ ਕਾਇਮ ਹਨ। ਰਾਜਨੀਤਕ ਢਾਂਚੇ ਅਤੇ ਸ਼ਕਤੀ ਦੀ ਇਸ ਮੁਥਾਜੀ ਨੂੰ ਜਦੋਂ ਤੱਕ ਸਾਡੇ ਆਪਣੇ ਰਾਜ ਪ੍ਰਬੰਧ ਦੇ ਢਾਂਚਿਆ ਰਾਹੀਂ ਨੀਤੀਆਂ ਅਤੇ ਭਵਿੱਖ ਨਿਰਧਾਰਤ ਕਰਨ ਦੀ ਅਸਮਰੱਥਾ ਦੂਰ ਨਹੀਂ ਕੀਤੀ ਜਾਂਦੀ ਸਾਮਰਾਜਵਾਦ ਅਤੇ ਭਾਰਤੀ ਸਟੇਟ ਨਾਲ ਇਹ ਟਕਰਾ ਜਾਰੀ ਰਹੇਗਾ।

### ਸਾਮਰਾਜਵਾਦ ਅਤੇ ਵਿਸ਼ਵ-ਵਿਆਪੀ ਪੂੰਜੀ

ਬਸਤੀਵਾਦੀ ਵਿਰਾਸਤ ਵਾਲੇ ਭਾਰਤੀ ਸਟੇਟ ਦੁਆਰਾ ਆਪਣੇ ਰਾਸ਼ਟਰਵਾਦੀ ਹਿੱਤਾਂ ਲਈ ਪੰਜਾਬ ਅਤੇ ਹੋਰ ਖੇਤਰਾਂ ਦਾ ਸ਼ੋਸ਼ਣ ਕਰਨ ਦੀਆਂ ਨੀਤੀਆਂ ਨਿਰੰਤਰ ਜਾਰੀ ਰੱਖਣ ਦੇ ਨਾਲ ਨਾਲ ਸਾਮਰਾਜੀ ਹਿੱਤਾਂ ਦੀ ਪੂਰਤੀ ਵੀ ਕੀਤੀ ਜਾ ਰਹੀ ਹੈ। ਇਸ ਵਰਤਾਰੇ ਨੂੰ ੧੯੬੦ ਦੇ ਦਹਾਕੇ ਵਿੱਚ ਅਖੌਤੀ ਹਰੀ ਕ੍ਰਾਂਤੀ ਲਾਗੂ ਕਰਨ, ੧੯੯੧ ਵਿੱਚ ਨਵਉਦਾਰਵਾਦੀ ਆਰਥਿਕ ਨੀਤੀਆਂ ਲਾਗੂ ਕਰਨ ਦੀ ਮਜ਼ਬੂਰੀ ਅਤੇ ਹਾਲ ਹੀ ਵਿੱਚ ਵਿਸ਼ਵ ਵਪਾਰ ਸੰਸਥਾ (W.T.O) ਵੱਲੋਂ ਇਹ ਕਾਨੂੰਨ ਲਾਗੂ ਕਰਨ ਲਈ ਪਾਏ ਗਏ ਦਬਾਅ ਤੋਂ ਵੇਖਿਆ ਜਾ ਸਕਦਾ ਹੈ। ਭਾਰਤੀ ਰਾਸ਼ਟਰਵਾਦੀ ਅਤੇ ਪੂੰਜੀਵਾਦੀ ਤਾਕਤਾਂ ਦੱਖਣੀ ਏਸ਼ੀਆ ਵਿੱਚ ਸਟੇਟ ਅਤੇ ਪੂੰਜੀਵਾਦ ਖਿਲਾਫ ਵਿਦਰੋਹਾਂ ਨੂੰ ਖਤਮ ਕਰਨ ਲਈ ਇੱਕ ਦੂਜੇ ਦੀਆਂ ਪੂਰਕ ਹਨ। ਜਿੱਥੇ ਕਿ ਪੂੰਜੀਵਾਦ ਲੋਕਾਈ ਨੂੰ ਅੰਨੇਵਾਹ ਖਪਤਕਾਰੀ ਵਿੱਚ ਧੱਕ ਕੇ ਕਮਜ਼ੋਰ ਅਤੇ ਨਿਢਾਲ ਬਨਾਉਣ ਵਿੱਚ ਕਾਮਯਾਬ ਰਹਿੰਦਾ ਹੈ ਓਥੇ ਰਾਸ਼ਟਰਵਾਦੀ ਨਿਜ਼ਾਮ ਵਭਿੰਨਤਾ ਵਾਲੇ ਸਮਾਜ ਵਿੱਚ ਇਕਿਹਰੀ ਭਾਰਤੀ ਪਛਾਣ ਥੋਪਣ ਲਈ ਯਤਨਸ਼ੀਲ ਰਹਿੰਦਾ ਹੈ। ਇਨ੍ਹਾਂ ਤਾਕਤਾਂ ਖਿਲਾਫ ਬਗਾਵਤ ਕਰਨ ਵਾਲੀਆਂ ਧਿਰਾਂ ਨੂੰ ਹਿੰਸਕ ਤਰੀਕਿਆਂ ਨਾਲ ਕੁਚਲ ਕੇ ਭਾਰਤ ਦੇ ਅਧੀਨ ਖਪਤਕਾਰ-ਨਾਗਰਿਕ ਵਾਲੀ ਪਛਾਣ ਨੂੰ ਸਲਾਮਤ ਰੱਖਿਆ ਜਾਂਦਾ ਹੈ।

ਦਿੱਲੀ ਅਤੇ ਪੂੰਜੀਵਾਦ ਦੇ ਵਿਸ਼ਵ ਪ੍ਰਬੰਧ ਅਧੀਨ ਹੋਣ ਕਾਰਨ ਪੰਜਾਬ ਦੀ ਇਹ ਸਥਿਤੀ ਦੁੱਗਣਾ ਮਾਰ ਕਰਦੀ ਹੈ। ਪੰਜਾਬ ਦੇ ਖੇਤੀ ਢਾਂਚਿਆਂ ਵਿੱਚ ਨਵਉਦਾਰਵਾਦੀ ਨੀਤੀਆਂ ਨੂੰ ਥੋਪਣਾ ਇੱਥੋਂ ਦੇ ਜਿਉਂਦੇ ਜਾਗਦੇ ਲੋਕਾਂ ਨੂੰ "ਭਾਰਤੀ ਬਜ਼ਾਰ" ਵਰਗੀ ਸ਼ਬਦਾਵਲੀ ਰਾਹੀਂ ਮਹਿਜ਼ ਵਸਤਾਂ ਵਿੱਚ ਤਬਦੀਲ ਕਰਦਾ ਹੈ ਅਤੇ ਇਸ ਘੜੇ ਗਏ ਬਜ਼ਾਰ ਨਾਲ ਜੁੜੇ ਮੁਨਾਫ਼ਿਆਂ ਤੱਕ ਸਾਮਰਾਜਵਾਦੀ ਹਿੱਤਾਂ ਦੀ ਪਹੁੰਚ ਨੂੰ ਮੋਕਲਾ ਕਰਦਾ ਹੈ। ਪੰਜਾਬ ਦੀ ਖੇਤੀ ਵਾਲੀ ਜ਼ਮੀਨ ਦਾ ਕਬਜ਼ਾ ਸਿਰਫ ਅੰਬਾਨੀ, ਅਡਾਨੀ ਜਾਂ ਹਿੰਦੀ ਪੱਟੀ ਦੇ ਹੋਰਨਾਂ ਕਾਰਪੋਰੇਟਾਂ ਦੀ ਜੁੰਡਲੀ ਤੱਕ ਹੀ ਸੀਮਿਤ ਨਹੀਂ ਹੋਵੇਗਾ ਜੋ ਘਰੇਲੂ ਤੌਰ 'ਤੇ ਇਸ ਕੁਚੱਜੇ ਪੂੰਜੀਵਾਦ ਪ੍ਰਬੰਧ (crony capitalism) ਤੋਂ ਲਾਭ ਪ੍ਰਾਪਤ ਕਰ ਰਹੇ ਹਨ। ਇਹ ਕਾਨੂੰਨ ਫੇਸਬੁੱਕ ਅਤੇ ਗੂਗਲ ਵਰਗੀਆਂ ਵਿਦੇਸ਼ੀ ਕਾਰਪੋਰੇਸ਼ਨਾਂ ਦੀ ਪਹੁੰਚ, ਮੁਨਾਫੇ ਅਤੇ ਨਿਯੰਤਰਨ ਨੂੰ ਵੀ ਵਧਾਉਣ ਲਈ ਲਾਗੂ ਕੀਤੇ ਗਏ ਹਨ।

ਪਰ ਇਸ ਤੋਂ ਵੀ ਵੱਧ, ਸਾਡੀ ਧਰਤੀ ਅਤੇ ਕਿਰਤ ਨੂੰ ਆਪਣੀ ਰੂਹਾਨੀ ਹੋਂਦ ਤੋਂ ਤੋੜ ਕੇ ਸਿਰਫ ਇੱਕ ਬਜ਼ਾਰੀ ਵਸਤੂ ਵਿੱਚ ਹਿੰਸਕ ਤਰੀਕੇ ਨਾਲ ਤਬਦੀਲ ਕਰਨ ਦੀ ਇਹ ਪ੍ਰਕਿਰਿਆ ਹੈ ਜੋ ਸਾਡੀ ਕਾਇਨਾਤ ਨਾਲ ਜੁੜੇ ਰੂਹਾਨੀ ਅਨੁਭਵ ਨੂੰ ਪੇਤਲਾ ਕਰਕੇ ਹਉਮੈ ਅਤੇ ਲੋਭ ਨੂੰ ਉਭਾਰਦੀ ਹੈ। ਅਖੌਤੀ "ਵਿਕਾਸ" ਦਾ ਇਹ ਯੂਰਪੀ ਤਰਜ਼ ਦਾ ਢਾਂਚਾ ਪੰਜਾਬ ਦੇ ਕਿਰਤੀ-ਕਿਸਾਨ ਨੂੰ ਮਹਿਜ਼ ਮੁਲਾਜ਼ਮ ਅਤੇ ਖਪਤਕਾਰ ਵਿੱਚ ਤਬਦੀਲ ਕਰਕੇ ਓਸ ਨੂੰ ਸਿੱਖੀ ਦੇ ਬ੍ਰਹਿਮੰਡੀ ਦ੍ਰਿਸ਼ਟੀਕੋਣ, ਨਿਆਂ ਅਤੇ ਗੈਰਤ (dignity) ਅਧਾਰਤ ਸਮਾਜਕ ਢਾਂਚੇ ਅਤੇ ਖੁਦਮੁਖਤਿਆਰੀ ਅਧਾਰਤ ਰਾਜਸੀ ਸੰਕਲਪ ਨਾਲੋਂ ਤੋੜਨ ਵਾਲੀ ਸਾਜਸ਼ ਹੈ। ਇਸ ਸਭਿਆਚਾਰਕ ਵਿਗਾੜ ਤਹਿਤ ਲੋਕਾਂ ਅੰਦਰ ਅੰਨੇਵਾਹ ਖਪਤਕਾਰੀ, ਵਰਗ ਸ਼ੋਸ਼ਣ ਅਤੇ ਵਾਤਾਵਰਣ ਦੀ ਤਬਾਹੀ ਵਰਗੀਆਂ ਅਲਾਮਤਾਂ ਦੀਆਂ ਨੀਂਹਾਂ ਰੱਖੀਆਂ ਜਾਂਦੀਆਂ ਹਨ। ਇਹ ਸਾਰਾ ਵਰਤਾਰਾ ਅਸਲ ਵਿੱਚ ਅਕਾਲ ਪੁਰਖ਼ ਦੀ ਰਚਨਾ ਨਾਲ ਸਰਬੱਤ ਦੇ ਭਲੇ ਵਾਲੇ ਸਿੱਖ ਨਜ਼ਰੀਏ ਤੋਂ ਸਾਡੀਆਂ ਸਾਂਝਾਂ ਨੂੰ ਤੋੜਦਾ ਹੈ ਜਿਸ ਦੇ ਅਧਾਰ ਤੇ ਅਸੀਂ ਕਿਰਤ ਕਰਦੇ ਹਾਂ ਅਤੇ ਕਮਾਈ ਹੋਈ ਦੌਲਤ ਵੰਡ ਕੇ ਛਕਦੇ ਹਾਂ। "ਬੇਗਮਪੁਰਾ" ਅਤੇ "ਹਲੇਮੀ ਰਾਜ" ਵਾਲੀਆਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪ੍ਰਣਾਲੀਆਂ ਨੂੰ ਮੁੜ ਸੁਰਜੀਤ ਕਰਨ ਦਾ ਅਧਾਰ ਅੱਜ ਇਸ ਅਖੌਤੀ ਵਿਕਾਸ ਨੂੰ ਤਿਲਾਂਜਲੀ ਦੇ ਕੇ ਸਾਡੇ ਗੁਰਮਤਿ ਵਿੱਚ ਰੰਗੇ ਰੂਹਾਨੀ ਅਮਲ ਅਤੇ ਸੰਘਰਸ਼ ਵਿੱਚੋਂ ਪੈਦਾ ਹੋਵੇਗਾ।

### ਹਿੰਦੂਤਵ ਅਤੇ ਭਾਰਤੀ ਰਾਸ਼ਟਰਵਾਦ

ਤਤਕਾਲੀ ਰਾਜਨੀਤਿਕ ਅਤੇ ਆਰਥਿਕ ਪ੍ਰਭਾਵਾਂ ਤੋਂ ਇਲਾਵਾ ਇਹ ਕਾਨੂੰਨ ਹਿੰਦੂ ਰਾਸ਼ਟਰ ਦੀ ਬਣਤਰ ਦੇ ਵੱਡੇ ਸਮਾਜਿਕ ਪ੍ਰਾਜੈਕਟ ਨਾਲ ਵੀ ਜੁੜੇ ਹਨ ਜਿਸ ਅਧੀਨ ਜਨਤਾ ਨੂੰ ਇਕੋ-ਜਿਹੀ ਕਰਕੇ ਜ਼ਹਿਰੀਲੇ ਨਫ਼ਰਤੀ ਹਿੰਦੂ ਰਾਸ਼ਟਰਵਾਦ ਅਤੇ ਵਿਸ਼ਵ-ਪੂੰਜੀਵਾਦ ਅੱਗੇ ਬੇਵੱਸ ਕਰਕੇ ਸੁੱਟਣਾ ਵੀ ਹੈ। ਇਹਨਾਂ ਅਰਥਾਂ ਵਿਚ ਇਹ ਕਾਨੂੰਨ ਦਿੱਲੀ ਵਿਚ ਰਾਜਨੀਤਿਕ ਸ਼ਕਤੀ ਨੂੰ ਰਣਨੀਤਕ ਤੌਰ ਤੇ ਕੇਂਦਰਿਤ ਕਰਕੇ ਹਿੰਦੂ ਰਾਸ਼ਟਰ ਨੂੰ ਵਿਸ਼ਵ ਸ਼ਕਤੀ ਵਜੋਂ ਉਭਾਰਨ ਲਈ ਅੰਤਰਰਾਸ਼ਟਰੀ ਲਾਮਬੰਦੀ ਕਰਨਾ ਅਤੇ ਉਪ-ਮਹਾਂਦੀਪ ਨੂੰ ਸਭਿਆਚਾਰਕ ਤੌਰ 'ਤੇ

ਇਕਸਾਰ ਕਰਨ ਦੀ ਸੋਚੀ ਸਮਝੀ ਨੀਤੀ ਵੀ ਹੈ। ਵਿਸ਼ਵ-ਪੂੰਜੀ ਦੇ ਸਮਰਥਨ ਨਾਲ ਉਸ ਹਿੰਦੂਤਵੀ ਕੱਟੜਤਾ ਨੂੰ ਹੋਰ ਹੁਲਾਰਾ ਮਿਲਦਾ ਹੈ ਜਿਹੜੀ ਵਿਸ਼ਵ 'ਮਹਾਂਸ਼ਕਤੀ' ਬਣਨ ਦੀ ਕੋਸ਼ਿਸ਼ ਵਿੱਚ ਹਿੰਦੂ ਰਾਸ਼ਟਰ ਦੀ ਮਿਥਿਹਾਸਕ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਦੀਆਂ ਗੱਲਾਂ ਕਰਦੀ ਹੈ।

ਇਸ ਪ੍ਰਕਿਰਿਆ ਦੀ ਚਾਲ ਪਿਛਲੇ ਸਾਲਾਂ ਦੌਰਾਨ ਕੀਤੀਆਂ ਪਹਿਲਕਦਮੀਆਂ ਵਿੱਚੋਂ ਇੱਕ ਕੌਮ, ਇੱਕ ਭਾਸ਼ਾ ਅਤੇ ਇੱਕ ਧਰਮ ਬਨਾਉਣ ਦੀ ਫਾਸ਼ੀਵਾਦੀ ਪ੍ਰਵਿਰਤੀ ਵੱਲ ਵਧਦੀ ਅਸਾਨੀ ਨਾਲ ਵੇਖੀ ਜਾ ਸਕਦੀ ਹੈ। ਹਾਲੀਆ ਨੀਤੀਆਂ ਨਾਲ ਹਿੰਦੂਤਵ ਦੇ ਨਾਹਰੇ ਵਿੱਚ "ਇੱਕ ਕਰ ਅਤੇ ਇੱਕ ਬਾਜ਼ਾਰ" ਨੂੰ ਵੀ ਜੋੜ ਲਿਆ ਗਿਆ ਹੈ। ਜਦੋਂ ਕਿ ਧਾਰਾ ੩੭੦ ਨੂੰ ਰੱਦ ਕਰਨਾ, ਰਾਮ ਮੰਦਰ ਦਾ ਕਥਿਤ "ਪੁਨਰ ਨਿਰਮਾਣ", ਨਵੀਂ ਸਿੱਖਿਆ ਨੀਤੀ ਅਤੇ ਨਾਗਰਿਕਤਾ ਸੋਧ ਕਾਨੂੰਨ ਵਰਗੇ ਕਦਮ ਸਾਫ਼ ਤੌਰ 'ਤੇ ਘੱਟ ਗਿਣਤੀਆਂ ਦੇ ਉਪਰ ਦਾਬੇ ਅਤੇ ਉਹਨਾਂ ਨੂੰ ਨਿਗਲਣ ਦੀ ਦੱਸ ਪਾਉਂਦੇ ਸਮਾਜਿਕ ਪ੍ਰੋਜੈਕਟ ਹਨ, ਉੱਥੇ ਕੇਂਦਰੀ ਜੀ. ਐੱਸ.ਟੀ ਅਤੇ ਨੋਟਬੰਦੀ (demonetization) ਵਰਗੀਆਂ ਜਬਰੀ ਲਾਗੂ ਕੀਤੀਆਂ ਨੀਤੀਆਂ ਨਾਲ ਹੋਰ ਬਲ ਮਿਲਿਆ। ਰਾਜਨੀਤਿਕ ਅਤੇ ਆਰਥਿਕ ਸ਼ਕਤੀ ਨੂੰ ਦਿੱਲੀ ਕੇਂਦਰਿਤ ਕਰਨਾ ਅਤੇ ਰਾਜਾਂ ਨੂੰ ਦਿੱਲੀ ਉੱਪਰ ਨਿਰਭਰਤਾ ਲਈ ਮਜ਼ਬੂਰ ਕਰਨਾ ਹਿੰਦੂਤਵ ਦੀ ਜਕੜ ਨੂੰ ਮਜ਼ਬੂਤ ਕਰਦਾ ਹੈ ਜਿਸ ਨਾਲ ਇਹ ਆਪਣੀਆਂ ਸਮਾਜਿਕ ਅਤੇ ਆਰਥਿਕ ਨੀਤੀਆਂ ਨੂੰ ਥੋਪਣ ਦੇ ਕਾਬਲ ਹੁੰਦਾ ਹੈ। ਇਸਦੇ ਨਾਲ ਹੀ ਦੁਨੀਆਂ ਭਰ ਦੇ ਉਦਾਰਵਾਦੀ (ਲਿਬਰਲ) 'ਲੋਕਤੰਤਰੀ' ਰਾਜਾਂ ਅਤੇ ਕਾਰਪੋਰੇਸ਼ਨਾਂ ਦੀ ਸਾਜਸ਼ੀ ਚੁੱਪ ਤੋਂ ਵੀ ਬਲ ਮਿਲਦਾ ਹੈ ਜੋ ਬੜੇ ਕਾਇਦੇ ਨਾਲ ਫਾਸ਼ੀਵਾਦੀ ਨੀਮ ਫੌਜੀ ਬਲਾਂ ਦੁਆਰਾ ਘੱਟ ਗਿਣਤੀਆਂ ਵਿਰੁੱਧ ਕੀਤੀ ਗਈ ਹਿੰਸਾ ਨੂੰ ਨਜ਼ਰਅੰਦਾਜ਼ ਕਰਦੇ ਆ ਰਹੇ ਹਨ।

ਭਾਰਤ ਦੀਆਂ ਰਾਜਨੀਤਿਕ ਸੰਸਥਾਵਾਂ ਅਤੇ ਬ੍ਰਾਹਮਣੀ ਚਿੰਨ੍ਹਾਂ ਵਾਲੇ ਭਾਰਤੀ ਰਾਸ਼ਟਰਵਾਦ ਸਪਸ਼ਟ ਤੌਰ ਤੇ ਘੱਟਗਿਣਤੀਆਂ ਨੂੰ ਨਿਗਲਕੇ ਬਹੁਗਿਣਤੀ ਦੇ ਦਾਬੇ ਨੂੰ ਉਭਾਰਨ ਲਈ ਤਿਆਰ ਕੀਤੇ ਗਏ ਸਨ। ਏਸੇ ਕਰਕੇ ਕਾਂਗਰਸ ਦਾ ਲਿਬਰਲ (ਉਦਾਰਵਾਦੀ) ਰਾਸ਼ਟਰਵਾਦ ਭਾਜਪਾ ਅਤੇ ਆਰ.ਐੱਸ.ਐੱਸ ਤੋਂ ਸਿਰਫ ਚਿਹਰੇ ਦੇ ਤੌਰ 'ਤੇ ਹੀ ਵੱਖਰਾ ਰਿਹਾ। ਆਪਣੀ ਸ਼ੁਰੂਆਤ ਤੋਂ ਹੀ ਭਾਰਤ ਨੇ ਇੱਕ ਤਾਕਤਵਾਰ ਕੇਂਦਰੀ ਰਾਜਸੀ ਢਾਂਚਾ ਸਥਾਪਿਤ ਕੀਤਾ ਜਿਸ ਵਿੱਚ ਬਹੁਗਿਣਤੀ ਦਾ ਦਾਬਾ ਬਣਾਈ ਰੱਖਣ ਅਤੇ ਇੱਕ ਰਾਸ਼ਟਰ-ਨਿਰਮਾਣ (nation-building) ਪ੍ਰਾਜੈਕਟ ਹੇਠਾਂ ਉਪ-ਮਹਾਂਦੀਪ ਦੇ ਲੋਕਾਂ ਦੀਆਂ ਵੱਖ-ਵੱਖ ਪਛਾਣਾਂ ਨੂੰ ਇੱਕ 'ਭਾਰਤੀ' ਕੌਮੀ ਪਛਾਣ ਵਿੱਚ ਦਰੜ ਦਿੱਤਾ ਗਿਆ। ਜਿਹਨਾਂ ਖੇਤਰਾਂ ਅਤੇ ਸਮਾਜਾਂ ਨੇ ਇਸ ਪ੍ਰਕਿਰਿਆ ਦਾ ਵਿਰੋਧ ਕੀਤਾ ਹੈ ਉਹਨਾਂ ਨੂੰ ਇੱਕ ਦੀਰਘ ਰੋਗ ਵਜੋਂ ਪੇਸ਼ ਕਰਕੇ ਜਾਂ ਤਾਂ ਨਿਗਲਣ ਦੀ ਵਿਉਂਤ ਬਣਾਈ ਜਾਂ ਨਸਲਕੁਸ਼ੀ ਰਾਹੀਂ ਨਾਮੋ-ਨਿਸ਼ਾਨ ਮਿਟਾਉਣ ਵਾਲੀਆਂ ਕਾਰਵਾਈਆਂ ਕੀਤੀਆਂ ਅਤੇ ਨਿਰੰਤਰ ਕਰ ਰਹੇ ਹਨ।

*****

ਸੰਖੇਪ ਵਿੱਚ **ਇਹਨਾਂ ਕਾਨੂੰਨਾਂ ਰਾਹੀਂ ਸਾਮਰਾਜਵਾਦੀ ਭਾਰਤੀ ਸਟੇਟ ਤੰਤਰ ਦੇ ਕੇਂਦਰ ਵੱਲੋਂ ਪੰਜਾਬ ਉੱਪਰ ਦਾਬੇ ਅਤੇ ਲੁੱਟ ਦੀਆਂ ਨੀਤੀਆਂ ਨੂੰ ਜਾਰੀ ਰੱਖਿਆ ਜਾ ਰਿਹਾ ਹੈ।** ਬਰਤਾਨਵੀ ਰਾਜ ਵੱਲੋਂ ਖਾਲਸਾ ਰਾਜ ਨੂੰ ਹਥਿਆਉਣ ਤੋਂ ਬਾਅਦ ਪੰਜਾਬ ਨੂੰ ਦਿੱਲੀ ਦੀ ਬਸਤੀ ਵਜੋਂ ਭਾਰਤੀ ਰਾਜ ਅਤੇ ਵਿਸ਼ਵਵਿਆਪੀ ਪੂੰਜੀ ਦੇ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਪਿਛਲੀ ਇੱਕ ਸਦੀ ਤੋਂ ਪੰਜਾਬ ਨੂੰ ਸਾਮਰਾਜੀ ਹਿੱਤਾਂ ਦੀ ਪੂਰਤੀ ਲਈ ਵੱਖ-ਵੱਖ ਰਾਜਨੀਤਕ ਢਾਂਚਿਆਂ ਅਤੇ ਆਰਥਿਕ ਨੀਤੀਆਂ ਰਾਹੀਂ ਤਬਾਹ ਕੀਤਾ ਜਾ ਰਿਹਾ ਹੈ ਅਤੇ ਵਿਰੋਧ ਨੂੰ ਕੁਚਲਿਆ ਜਾ ਰਿਹਾ ਹੈ। ਇਸ ਲਈ **ਮੌਜੂਦਾ ਮਸਲਾ ਸਿਰਫ਼ ਖੇਤੀ ਦੀ ਆਰਥਿਕਤਾ ਦਾ ਮਾਮਲਾ ਨਹੀਂ ਸਗੋਂ ਰਾਜਸੀ ਸੱਤਾ ਦਾ ਸਵਾਲ ਹੈ ਜੋ ਫਿਰੰਗੀ ਵਲੋਂ ਸਿਰਜੇ ਭਾਰਤੀ ਸਟੇਟ ਦੀ ਥਾਂ 'ਤੇ ਇੱਕ ਨਵੇਂ ਰਾਜਨੀਤਕ ਢਾਂਚੇ ਅਤੇ ਸੰਕਲਪ ਦੇ ਉਭਾਰ ਨਾਲ ਹੀ ਹੱਲ ਹੋ ਸਕਦਾ ਹੈ।**



## ਕਿਸਾਨ ਸੰਘਰਸ਼ ਦੀ ਲਾਮਬੰਦੀ ਅਤੇ ਉਭਾਰ

ਕੋਵਿੱਡ ਕਰਕੇ ਲਾਕਡਾਊਨ ਦੇ ਹਲਾਤਾਂ ਦਾ ਫਾਇਦਾ ਉਠਾਉਂਦਿਆਂ ਇਹਨਾਂ ਖੇਤੀ ਬਿੱਲਾਂ ਨੂੰ ਅਚਾਨਕ ਜੂਨ ਮਹੀਨੇ ਦੌਰਾਨ ਵਿਧਾਨਕ ਪ੍ਰਕਿਰਿਆ ਵਿੱਚ ਲਿਆ ਕੇ ਸਤੰਬਰ ਵਿੱਚ ਸੰਸਦ ਰਾਹੀਂ ਜਬਰੀ ਪਾਸ ਕਰਕੇ ਕਾਨੂੰਨ ਬਣਾ ਲਿਆ ਗਿਆ। ਇਸ ਦੇ ਮੁਖਾਲਫਤ ਵਜੋਂ ਪੰਥ ਅਤੇ ਪੰਜਾਬ ਨੇ ਬਹੁਤ ਤੇਜ਼ੀ ਨਾਲ ਲਾਮਬੰਦੀ ਕਰਕੇ ਕਾਰਪੋਰੇਸ਼ਨਾਂ ਦਾ ਬਾਈਕਾਟ ਕੀਤਾ, ਸ਼ਾਹ ਮਾਰਗ ਦੇ ਮਸੂਲ ਬੰਦ ਅਤੇ ਰੇਲਵੇ ਦੇ ਚੱਕੇ ਜਾਮ ਕਰ ਦਿੱਤੇ, ਅਤੇ ਵਿਸ਼ਵ ਭਰ ਵਿਚ ਵੱਡੇ ਪ੍ਰਦਰਸ਼ਨ ਕੀਤੇ। ਸਿੱਖੀ ਜਜ਼ਬੇ ਨਾਲ ਸ਼ਰਾਸ਼ਾਰ ਪੰਥ ਨੇ ਦਿੱਲੀ ਵੱਲ ਚੜ੍ਹਾਈ ਕਰ ਦਿੱਤੀ ਅਤੇ ਸਟੇਟ ਦੁਆਰਾ ਲਾਈ ਹਰ ਰੁਕਾਵਟ ਨੂੰ ਭੰਨਦਿਆਂ ਅਤੇ ਆਪਣਾ ਬੇਮਿਸਾਲ ਇਤਿਹਾਸ ਦੁਹਰਾਉਂਦਿਆਂ ਹੋਇਆਂ ਜਾ ਦਿੱਲੀ ਨੂੰ ਘੇਰਿਆ। ਇਸ ਸੰਘਰਸ਼ ਵੱਲੋਂ ਤਿੰਨੋਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਰੱਖੀ ਗਈ ਹੈ ਅਤੇ ਜ਼ਿੰਮੇਵਾਰ ਕਾਰਪੋਰੇਸ਼ਨਾਂ ਦੇ ਬਾਈਕਾਟ ਦੇ ਸਿਲਸਿਲੇ ਨੂੰ ਤੇਜ਼ ਕਰਦਿਆਂ ਕੁਝ ਕਾਰਪੋਰੇਸ਼ਨਾ ਦੇ ਬੁਨਿਆਦੀ ਢਾਂਚੇ ਵੀ ਪੁੱਟ ਦਿੱਤੇ ਗਏ।

ਪੰਜਾਬ ਦਾ ਇਹ ਗੁੱਸਾ ਦਹਾਕਿਆਂ ਤੋਂ ਚੱਲਿਆ ਆ ਰਿਹਾ ਉਹਨਾਂ ਸਾਮਰਾਜਵਾਦੀ ਨੀਤੀਆਂ ਵਿਰੁੱਧ ਭਰਿਆ ਪਿਆ ਸੀ ਜਿਨ੍ਹਾਂ ਤਹਿਤ ਨਸਲਕੁਸ਼ੀ ਤੇ ਵੱਖਰੀ ਹੋਂਦ ਨੂੰ ਜਜ਼ਬ ਕਰ ਜਾਣ ਵਾਲੀਆਂ ਕਾਰਵਾਈਆਂ ਕੀਤੀਆਂ ਗਈਆਂ ਅਤੇ ਲੋਕਾਂ ਉੱਪਰ ਜ਼ੁਲਮ ਢਾਹੇ ਗਏ। ਇਸੇ ਕਰਕੇ ਹੀ ਅੱਜ ਪੰਜਾਬ ਅਤੇ ਹੋਰ ਪ੍ਰਭਾਵਤ ਖੇਤਰਾਂ ਵਿੱਚੋਂ ਸੰਘਰਸ਼ ਨੂੰ ਮਿਲੇ ਹੁੰਗਾਰੇ ਵਿੱਚ ਸਿਫ਼ਤੀ ਅੰਤਰ ਹੈ।

ਇਸ ਅੰਦੋਲਨ ਦੀ ਇਕ ਵਿਲੱਖਣਤਾ ਸੰਘਰਸ਼ ਦੀ ਵਿਭਿੰਨਤਾ ਅਤੇ ਸਰਬ ਸਾਂਝੀਵਾਲਤਾ ਹੈ ਜੋ ਵੱਖੋ-ਵੱਖਰੇ ਖੇਤਰਾਂ, ਜਾਤੀਆਂ, ਵਰਗਾਂ, ਰਾਜਨੀਤਿਕ ਵਿਚਾਰਧਾਰਾਵਾਂ, ਨਸਲਾਂ ਅਤੇ ਰੂਹਾਨੀ ਪਰੰਪਰਾਵਾਂ ਦੇ ਲੋਕਾਂ ਵੱਲੋਂ ਸ਼ਾਮਲ ਹੋ ਕੇ ਪ੍ਰਦਰਸ਼ਤ ਕੀਤੀ ਗਈ ਹੈ। **ਇਹ ਵਰਤਾਰਾ ਸਪਸ਼ਟ ਤੌਰ 'ਤੇ ਕਿਸਾਨਾਂ ਦੇ ਆਰਥਿਕ ਟਕਰਾਅ ਤੋਂ ਕਿਤੇ ਵੱਧ ਕੇ ਫਿਰੰਗੀ ਵਲੋਂ ਸਿਰਜਿਆ ਭਾਰਤੀ ਸਟੇਟ, ਨਵ-ਉਦਾਰਵਾਦ, ਅਤੇ ਹਿੰਦੂ-ਰਾਸ਼ਟਰ ਦੇ ਫਾਸ਼ੀਵਾਦੀ ਪ੍ਰੋਜੈਕਟ ਦੇ ਵਿਰੁੱਧ ਇੱਕ ਜੰਗ ਹੈ।**

ਪੰਜਾਬ ਸਿੱਖੀ ਤੋਂ ਪ੍ਰੇਰਤ ਅਕਾਲੀ ਪ੍ਰਭੂਸੱਤਾ, ਜੁਝਾਰੂਪਣ, ਅਤੇ ਸਰਬੱਤ ਦੇ ਭਲੇ ਵਾਲੇ ਗੁਣਾਂ ਕਰਕੇ ਇਸ ਸੰਘਰਸ਼ ਦਾ ਮਾਰਗ ਦਰਸ਼ਨ ਕਰ ਰਿਹਾ ਹੈ । ਗੁਰੂ ਖਾਲਸਾ ਪੰਥ ਨੇ ਸਦਾ ਹੀ ਦਿੱਲੀ ਦੇ ਹਮਲਿਆਂ ਨੂੰ ਡੱਕਿਆ ਹੈ ਅਤੇ ਮਜ਼ਲੂਮਾਂ ਦੀ ਰੱਖਿਆ ਕਰਦਿਆਂ ਜ਼ੁਲਮ ਦੀਆਂ ਜੜ੍ਹਾਂ ਉਖਾੜੀਆਂ ਹਨ। ਸਿੱਖ ਸੁਭਾਅ ਅਨੁਸਾਰ ਜ਼ੁਲਮ ਵਿਰੁੱਧ ਟੱਕਰ ਅਤੇ ਹਲੇਮੀ ਰਾਜ ਦੇ ਸਿਧਾਂਤ ਨੂੰ ਰੂਪਮਾਨ ਕਰਨ ਲਈ ਚੱਲ ਰਹੇ ਸੰਘਰਸ਼ ਵਿਚਲੀ ਲਾਮਬੰਦੀ, ਸੰਵਾਦ, ਚਿੰਨ੍ਹਾਂ ਤੇ ਸੰਸਥਾਵਾਂ ਤੋਂ ਸਹਿਜੇ ਹੀ ਦਰਸ਼ਨ ਕੀਤੇ ਜਾ ਸਕਦੇ ਹਨ।

ਇਸ ਸਾਰੇ ਸੰਧਰਭ ਨੂੰ ਸਮਝਦਿਆਂ ਹੋਇਆ ਇਹ ਤੱਤਸਾਰ ਕੱਢਿਆ ਜਾ ਸਕਦਾ ਹੈ ਕਿ ਮੌਜੂਦਾ ਮੋਰਚਾ ਦੋ ਦੁਸ਼ਮਣਾਂ ਦੇ ਵਿਰੁੱਧ ਇੱਕੋ ਵੇਲੇ ਲੜ ਰਿਹਾ ਹੈ: ਪਹਿਲਾ ਤਾਨਾਸ਼ਾਹੀ ਅਤੇ ਕੇਂਦਰੀਕਰਨ ਅਧਾਰਤ ਭਾਰਤੀ ਸਟੇਟ ਤੰਤਰ ਅਤੇ ਦੂਜਾ ਵਿਸ਼ਵ-ਵਿਆਪੀ ਪੂੰਜੀਵਾਦ ਦੀ ਲੁੱਟ ਅਤੇ ਸਾਮਰਾਜੀ ਗਲਬਾ।

**ਭਾਂਵੇਂ ਕਿ ਮੋਰਚੇ ਦਾ ਫੌਰੀ ਟੀਚਾ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਹੈ, ਇਸ ਦਾ ਸਦੀਵੀ ਹੱਲ ਬਸਤੀਵਾਦ ਵਲੋਂ ਥੋਪੇ ਗਏ ਸਮੁੱਚੇ ਪ੍ਰਬੰਧ (ਰਾਜਸੀ, ਸਮਾਜਕ, ਆਰਥਕ, ਅਤੇ ਗਿਆਨਾਤਮਕ) ਨੂੰ ਫਨਾਹ ਕਰਕੇ ਰਾਜਸੀ ਸੱਤਾ ਦੇ ਵਿਹਾਰ ਨੂੰ ਮੁੱਢੋਂ ਬਦਲ ਕੇ ਨਵਾਂ ਪ੍ਰਬੰਧ ਸਿਰਜਣ ਨਾਲ ਹੀ ਹੋਵੇਗਾ।** ਇਸ ਤੋਂ ਭਾਵ ਸਿਰਫ ਏਨਾ ਹੀ ਨਹੀਂ ਕਿ ਰਾਜਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ ਬਲਕਿ ਸਰਬੱਤ ਦਾ ਭਲਾ ਅਤੇ ਹੰਨੇ ਹੰਨੇ ਮੀਰੀ ਵਾਲੇ ਆਸ਼ਿਆਂ ਨੂੰ ਮੁੱਖ ਰੱਖਦਿਆਂ ਹੋਇਆਂ ਜਮੀਨੀ ਪੱਧਰ ਤੋਂ ਇੱਕ ਨਵੇਂ ਨਮੂਨੇ ਦੀ ਲੋੜ ਹੈ। ਇਸ ਅਨੋਖੇ ਰਾਜ ਪ੍ਰਬੰਧ ਦੇ ਨਾਲ ਨਾਲ ਓਹੋ ਜਿਹੇ ਸਮਾਜਕ, ਰਾਜਸੀ, ਅਤੇ ਆਰਥਕ ਪ੍ਰਬੰਧ ਵੀ ਸਿਰਜਣੇ ਪੈਣੇ ਹਨ ਜੋ ਲੋਕਾਂ ਦੀ ਗੈਰਤਮੰਦ ਖੁਸ਼ਹਾਲੀ ਲਿਆ ਸਕਣ, ਸਭਿਆਚਾਰਕ ਵਿਭਿੰਨਤਾ ਨੂੰ ਸਾਂਝੀਵਾਲਤਾ ਅਤੇ ਸਹਿ-ਹੋਂਦ ਅਨੁਸਾਰ ਯਕੀਨੀ ਬਨਾਉਣ, ਅਤੇ ਸਮੁੱਚੇ ਕਾਇਨਾਤ ਨੂੰ ਸਰਬੱਤ ਦੇ ਵਿੱਚ ਲੈਂਦੇ ਹੋਏ ਰੂਹਾਨੀ ਰਿਸ਼ਤੇ ਨੂੰ ਕਾਇਮ ਰੱਖਣ। ਇਹ ਸੰਕਲਪ ਗੁਰਮਤਿ ਦੇ ਸਰਬੱਤ ਦੇ ਭਲੇ ਵਾਲੇ ਸਿਧਾਂਤ ਤੋਂ ਪ੍ਰੇਰਣਾ ਲੈਂਦੇ ਹੋਏ ਸਮੁੱਚੇ ਜਾਲਮ ਸਟੇਟ ਦੇ ਤੰਤਰ ਨੂੰ ਜੜ੍ਹੋਂ ਪੁੱਟਣ ਦੀ ਮੰਗ ਕਰਦਾ ਹੈ।

ਜਦੋਂ ਹੁਣ ਦਿੱਲੀ ਵਿਚ ਸੰਘਰਸ਼ ਵਿੱਚ ਇੱਕ ਖੜ੍ਹੋਤ ਬਣੀ ਹੋਈ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਮੁੱਦਿਆਂ ਤੇ ਸਪੱਸ਼ਟਤਾ ਬਣਾਈ ਰੱਖੀਏ, ਸੰਘਰਸ਼ ਨੂੰ ਹੋਰ ਤੇਜ਼ ਕਰੀਏ, ਅਤੇ ਮੁਹਿੰਮ ਨੂੰ ਮੁਕਤੀ ਦੇ ਮੁਕਾਮ ਤੱਕ ਪਹੁੰਚਾਣ ਦਾ ਅਹਿਦ ਕੀਤਾ ਜਾਵੇ।

## ਦਿੱਲੀ ਮੋਰਚੇ ਤੋਂ ਖੁਦਮੁਖਤਿਆਰੀ ਤੱਕ

ਖਾਲਸਾ ਜੀ ਦਾ ਸੰਘਰਸ਼ ਹਮੇਸ਼ਾਂ ਪਾਤਸ਼ਾਹੀ ਦਾਅਵੇ ਨੂੰ ਮੁੱਖ ਰੱਖਦਿਆਂ ਹੋਇਆਂ ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਕਰ ਕੇ ਸਾਂਝੀਵਾਲਤਾ ਵਾਲਾ ਨਿਆਂਕਾਰੀ ਸਮਾਜ ਅਤੇ ਰਾਜ ਸਥਾਪਤ ਕਰਨ ਦਾ ਰਿਹਾ ਹੈ। ਇਸ ਵਿੱਚ ਕਦੇ ਵੀ ਫ਼ਿਰਕਾਪ੍ਰਸਤੀ, ਕੱਟੜਤਾ ਜਾਂ ਖੁਦਗਰਜੀ ਨੂੰ ਜਗ੍ਹਾ ਨਹੀਂ ਮਿਲੀ। ਸਾਡੇ ਸ਼ਹੀਦਾਂ ਅਤੇ ਜੁਝਾਰੂਆਂ ਨੇ ਲਗਾਤਾਰ ਜ਼ਾਲਮਾਂ ਨੂੰ ਜੜ੍ਹੋਂ ਪੁੱਟਣ ਲਈ ਅਤੇ ਖਾਲਸਾ ਜੀ ਦੀ ਅਕਾਲੀ ਪ੍ਰਭੂਸੱਤਾ ਨੂੰ ਸੀਮਤ ਜਾਂ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਨੂੰ ਖਤਮ ਕਰਨ ਲਈ ਡੱਟ ਕੇ ਮੁਕਾਬਲਾ ਕੀਤਾ।

ਇਸੇ ਵਿਰਾਸਤ ਦੇ ਚੱਲਦਿਆਂ ਖਾਲਿਸਤਾਨ ਲਈ ਅਰੰਭਿਆ ਸੰਘਰਸ਼ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਪਾਤਸ਼ਾਹੀ ਦਾਅਵੇ ਨੂੰ ਮੁੱਖ ਰੱਖ ਕੇ ਸਰਬੱਤ ਦੇ ਭਲੇ ਵਾਲਾ ਸੁਤੰਤਰ ਹਲੇਮੀ ਰਾਜ ਸਥਾਪਤ ਕਰਨ ਲਈ ਜੱਦੋ-ਜਹਿਦ ਦਾ ਰਿਹਾ ਹੈ। ਇਹ ਸੰਘਰਸ਼ ਜ਼ੁਲਮੀ ਭਾਰਤੀ ਸਟੇਟ, ਪੂੰਜੀਵਾਦ ਦੀ ਆਰਥਕ ਲੁੱਟ ਅਤੇ ਬਿੱਪਰ ਦੇ ਗਲਬੇ ਦੇ ਖਾਤਮੇ ਲਈ ਉਪ-ਮਹਾਂਦੀਪ ਦੇ ਦੱਬੇ ਕੁਚਲੇ ਲੋਕਾਂ ਲਈ ਮੁਕਤੀ ਦੀ ਵਚਨਬੱਧਤਾ ਨਾਲ ਸ਼ੁਰੂ ਹੋਇਆ।

**ਸਟੇਟ ਅਤੇ ਇਸਦੇ ਅਦਾਰਿਆਂ ਕੋਲੋਂ ਸਿਰਫ਼ ਕੁਝ ਸੁਧਾਰ ਜਾਂ ਸੀਮਤ ਸ਼ਕਤੀਆਂ ਦੀ ਮੰਗ ਸਾਡੀ ਮੁਕਤੀ ਦਾ ਰਾਹ ਨਹੀਂ ਹੈ।** ਬਸਤੀਵਾਦੀ ਹਾਕਮਾਂ ਵੱਲੋਂ ਕੌਮਾਂਤਰੀ ਵਿਸ਼ਵ ਪ੍ਰਬੰਧ ਅਤੇ ਸਟੇਟ ਦਾ ਢਾਂਚਾ ਬਣਾਇਆ ਹੀ ਏਸੇ ਤਰ੍ਹਾਂ ਗਿਆ ਸੀ ਤਾਂ ਜੋ ਬਸਤੀਆਂ ਦੇ ਸਿੱਧਾ ਪ੍ਰਬੰਧ ਤੋਂ ਬਿਨਾ ਹੀ ਸਾਮਰਾਜੀ ਨਿਜ਼ਾਮ ਆਪਣਾ ਕੰਮ ਕਰਦਾ ਰਹੇ। ਏਸੇ ਕਰਕੇ ਸਿਰਫ਼ ਇਹਨਾਂ ਸੰਬੰਧਾਂ ਵਿੱਚ ਸੁਧਾਰਾਂ ਜਾਂ ਕੁਝ ਢਾਂਚਿਆਂ ਵਿੱਚ ਤਬਦੀਲੀਆਂ ਦੀ ਬਜਾਏ, **ਸਦੀਵੀ ਹੱਲ ਤਾਨਾਸ਼ਾਹੀ ਢਾਂਚਿਆਂ ਨੂੰ ਇਕ ਵਾਢਿਓਂ ਖਤਮ ਕਰਨ ਲਈ ਜ਼ਮੀਨੀ ਪੱਧਰ ਤੋਂ ਹੀ ਹੰਨੇ-ਹੰਨੇ ਮੀਰੀ ਵਾਲੇ ਸਿਧਾਂਤ ਅਨੁਸਾਰ ਢਾਂਚੇ ਸਿਰਜਣ ਵਿੱਚ ਹੈ।** ਖਾਲਸਾ ਜੀ ਨੂੰ ਗੁਰੂ ਸਾਹਿਬ ਦਾ ਵਿਖਾਇਆ ਇਹੋ ਮਾਰਗ ਭਵਿੱਖ ਵੱਲ ਸਾਡੇ ਕਦਮਾਂ ਦੀ ਰਹਿਨੁਮਾਈ ਕਰਦਾ ਹੈ।

ਇਹ ਮੋਰਚਾ ਉਸੇ ਸੰਭਾਵਨਾ ਦਾ ਇੱਕ ਝਲਕਾਰਾ ਹੈ ਕਿ ਕਿਸੇ ਭਵਿੱਖਤ ਹੱਲ ਨੂੰ ਉਡੀਕਣ ਦੀ ਬਜਾਏ ਹੁਣੇ ਤੋਂ ਹੀ ਸਮਾਜ ਵਿੱਚ ਖਾਲਸਾਈ ਸਿਧਾਂਤਾਂ ਤੋਂ ਰੁਸ਼ਨਾਏ ਦਸਤੂਰ ਲਾਗੂ ਕੀਤੇ ਜਾਣ। ਇਸ ਮੋਰਚੇ ਤੋਂ ਇਹ ਤਿੰਨ ਖਾਸ ਮਾਰਗਾਂ ਦੀ ਸੇਧ ਮਿਲਦੀ ਹੈ।

**੧.** ਚੱਲ ਰਹੇ ਮੋਰਚੇ ਨੇ ਸਾਨੂੰ ਉਸ ਤਾਕਤ ਦੇ ਦਰਸ਼ਨ ਕਰਵਾਏ ਹਨ ਜੋ ਸੰਗਤ ਰੂਪ ਦੀ ਸਾਂਝੀ ਅਗਵਾਈ ਵਿੱਚ ਹੁੰਦੀ ਹੈ। ਮੋਰਚੇ ਦੇ ਆਗੂ ਕਿਸੇ ਦਰਜਾਬੰਦੀ ਜਾਂ ਤਾਨਾਸ਼ਾਹੀ ਦੇ ਬਜਾਏ ਅਸਥਾਈ ਬੁਲਾਰੇ ਜਾਂ ਪ੍ਰਤੀਨਿਧੀ ਵਜੋਂ ਹੀ ਵਿਚਰ ਰਹੇ ਹਨ। ਇਸ ਮਾਰਗ ਸੇਧ 'ਤੇ ਵੱਧਦਿਆਂ ਭਾਰਤੀ ਸਟੇਟ ਦੇ ਹਿੰਦੂਤਵੀ ਕੇਂਦਰੀਕਰਨ ਵਾਲੇ ਨਾਜ਼ੀਵਾਦੀ

ਪ੍ਰਵਿਰਤੀਆਂ ਵਾਲੇ ਢਾਂਚਿਆਂ ਦੀ ਬਜਾਏ ਜ਼ਮੀਨੀ ਪੱਧਰ ਤੋਂ ਹੀ ਵਿਕੇਂਦ੍ਰੀਕ੍ਰਿਤ ਢਾਂਚਿਆਂ ਵਾਲੀਆਂ ਸੰਸਥਾਂਵਾ ਨੂੰ ਉਸਾਰਨਾ ਚਾਹੀਦਾ ਹੈ। ਇਨ੍ਹਾਂ ਢਾਂਚਿਆਂ ਨੂੰ ਜ਼ਮੀਨੀ ਪੱਧਰ ਤੋਂ ਵਿਕਸਤ ਕਰਨਾ ਅਤੇ ਸੁਤੰਤਰ ਅਭਿਆਸ ਵਿੱਚ ਲਿਆਉਣਾ ਲਾਜ਼ਮੀ ਹੈ। **ਸਾਨੂੰ ਸਿਰਫ਼ ਸਟੇਟ ਤੋਂ ਕੁਝ ਰਿਆਇਤਾਂ ਲਈ ਮੰਗਾਂ ਮੰਨਵਾਉਣ ਜਾਂ ਆਪਣੀ ਮਜ਼ਲੂਮੀਅਤ ਨੂੰ ਹੀ ਅਧਾਰ ਬਨਾਉਣ ਵਾਲੀ ਰਾਜਨੀਤੀ ਨੂੰ ਠੋਕਰਾਂ ਮਾਰਕੇ ਆਪਣੀਆਂ ਸੁਤੰਤਰ ਸੰਸਥਾਵਾਂ ਅਤੇ ਸੰਗਤ ਵਿੱਚ ਵਸਦੀ ਅਸਲ ਰਾਜਸੀ ਸ਼ਕਤੀ ਜ਼ਰੀਏ ਸਾਂਝੀ ਕੌਮੀ ਤਾਕਤ ਸਥਾਪਤ ਕਰਨ ਦੀ ਲੋੜ ਹੈ।**

**੨.** ਸਾਡਾ ਭਵਿੱਖ ਖਾਲਸਾ ਜੀ ਦੀ ਉਸ ਜੁਝਾਰੂ ਸ਼ਕਤੀ ਵਿਚ ਹੈ ਜਿਹੜੀ ਸੰਗਤ ਰੂਪ ਧਾਰਕੇ ਗਰੀਬ ਦੀ ਰੱਖਿਆ ਅਤੇ ਜ਼ਰਵਾਣੇ ਦੀ ਭੱਖਿਆ ਲਈ ਪ੍ਰੇਰਦੀ ਹੈ। ਸਾਡੀ ਤਾਕਤ ਦੀ ਝਲਕ ਅਸੀਂ ਸਟੇਟ ਅਤੇ ਉਸਦੇ ਰਾਸ਼ਟਰਵਾਦੀ ਕਾਰਪੋਰੇਟ ਕਰਿੰਦੀਆਂ ਦੇ ਬੁਨਿਆਦੀ ਢਾਂਚਿਆਂ ਦਾ ਬਾਈਕਾਟ ਕਰਨ ਜਾਂ ਪੁੱਟ ਸੁੱਟਣ ਵੇਲੇ ਭਲੀਭਾਂਤ ਵੇਖੀ ਹੈ। **ਨਿਆਂ ਅਤੇ ਰਾਜਸੀ ਸ਼ਕਤੀ ਸਾਨੂੰ ਆਪਣੇ ‘ਤੇ ਜੁਲਮ ਢਹੁਣ ਵਾਲੇ ਜ਼ਾਬਰ ਹਾਕਮਾਂ ਕੋਲੋਂ ਨਹੀਂ ਮਿਲਣੀ ਸਗੋਂ ਇਹ ਤਾਂ ਗੁਰੂ ਗ੍ਰੰਥ-ਪੰਥ ਦੀ ਬਖਸ਼ਸ਼ ਅਤੇ ਬਰਕਤ ਨਾਲ ਹੀ ਮਿਲਣੀ ਹੈ।** ਖਾਲਸਾ ਜੀ ਦੇ ਬੋਲ ਬਾਲੇ ਅਤੇ ਸਰਬੱਤ ਦਾ ਭਲਾ ਜਾਲਮਾਂ ਤੋਂ ਮੰਗ ਕੇ ਨਹੀ ਬਲਕਿ ਆਪਣੇ ਸਾਂਝੇ ਬਲ ਅਤੇ ਸੰਘਰਸ਼ ਨਾਲ ਹੀ ਕਾਇਮ ਹੋ ਸਕਦੇ ਹਨ।

**੩.** ਸਿੱਖੀ ਹੀ ਸਾਡੇ ਸੰਘਰਸ਼ ਦੀ ਨੀਂਹ ਅਤੇ ਇਨਕਲਾਬੀ ਰੂਹਾਨੀ ਸ਼ਕਤੀ ਹੈ। ਸਿੱਖੀ ਸਾਡੇ ਲਈ ਸਿਰਫ਼ ਨਿੱਜੀ ਪੂਜਾ ਦਾ ਪੱਛਮੀ ਤਰਜ਼ ਦਾ “ਰਲੀਜਨ” (religion) ਨਹੀਂ ਅਤੇ ਨਾ ਹੀ ਸਾਡਾ ਸੰਘਰਸ਼ ਫਿਰੰਗੀ ਵੱਲੋਂ ਪ੍ਰਭਾਸ਼ਿਤ ਕੀਤੀ ਗਈ ਸਭਿਆਰਚਾਰਕ ਪਛਾਣ ਨੂੰ ਬਚਾਉਣ ਦਾ ਹੈ। **ਸਾਡੀ ਰਾਜਨੀਤਕ ਦ੍ਰਿਸ਼ਟੀ, ਜੁਲਮ ਦਾ ਵਿਰੋਧ ਅਤੇ ਸੰਘਰਸ਼ ਦਾ ਰਾਹ ਸਿੱਖੀ ਪ੍ਰੰਪਰਾਵਾਂ ਵਿੱਚੋਂ ਸੀਸ ਤਲੀ ‘ਤੇ ਧਰਕੇ ਗੁਰੂ ਦੇ ਦੱਸੇ ਪ੍ਰੇਮ ਦੇ ਮਾਰਗ ਵਿੱਚੋਂ ਨਿਕਲਦਾ ਹੈ।** ਅਸੀਂ ਸੰਘਰਸ਼ ਦੀ ਸਫ਼ਲਤਾ ਲਈ ਸਿਰਫ਼ ਇਨਸਾਨੀ ਬੁੱਧੀ ਦੀਆਂ ਸੀਮਤਾਵਾਂ ਤੇ ਨਿਰਭਰ ਨਾ ਰਹਿ ਕੇ ਨਾਮ-ਬਾਣੀ ਨਾਲ ਜੁੜ ਕੇ ਗੁਰੂ ਦੇ ਹੁਕਮ ਦੇ ਵਾਹਕ ਵੀ ਬਣਨਾ ਹੈ।। ਭਾਰਤੀ ਸਟੇਟ ਇਸ ਗੱਲ ਨੂੰ ਵੀ ਜਾਣਦਾ ਹੈ। ਇਸੇ ਕਰਕੇ ਹੀ ਅੰਮ੍ਰਿਤਧਾਰੀ ਨੌਜਵਾਨਾਂ ਅਤੇ ਸਿੱਖ ਧਾਰਮਿਕ ਸੰਸਥਾਵਾਂ ਨੂੰ ਭਾਰਤੀ ਬਲਾਂ ਵੱਲੋਂ ਨਸਲਕੁਸ਼ੀ ਲਈ ੯੦ਵਿਆਂ ਤੋਂ ਲੈ ਕੇ ਹੁਣ ਤੱਕ ਨਿਸ਼ਾਨਾ ਬਣਾਇਆ ਗਿਆ। ਇਸੇ ਕਰਕੇ ਹੀ ਭਾਰਤੀ ਨਿਜ਼ਾਮ ਖਾਲਿਸਤਾਨ ਦੇ ਸੰਘਰਸ਼ ਨੂੰ ਅੱਜ ਤੱਕ ਬਦਨਾਮ ਕਰਨ ਦੀਆਂ ਅਣਥੱਕ ਕੋਸ਼ਿਸ਼ਾਂ ਕਰਦਾ ਹੈ ਅਤੇ ਅੱਜ ਮੋਰਚੇ ਵਿੱਚ ਸਿੱਖਾਂ ਦੀ ਸ਼ਮੂਲੀਅਤ ਨੂੰ ਹਊਆ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।



## ਲੰਬੇ ਸੰਘਰਸ਼ ਦੀਆਂ ਨੀਹਾਂ ਚਿਣਦਿਆਂ...

ਸਾਡੇ ਵਰਗਿਆਂ ਦੀ ਬਦਕਿਸਮਤੀ ਹੀ ਹੈ ਕਿ ਸਾਨੂੰ ਪੰਜਾਬ ਦੀ ਧਰਤੀ ਤੋਂ ਉਜਾੜਿਆ ਗਿਆ ਜਾਂ ਕਈ ਕਾਰਨਾਂ ਕਰਕੇ ਦੂਰ ਕੀਤਾ ਗਿਆ। **ਹੁਣ ਸਾਡੇ ਸਾਹਮਣੇ ਅਹਿਮ ਸਵਾਲ ਇਹ ਹੈ ਕਿ ਅਸੀਂ ਮੋਰਚੇ ਦੀ ਸਫ਼ਲਤਾ ਵਿੱਚ ਕੋਈ ਸਾਰਥਕ ਯੋਗਦਾਨ ਕਿਵੇਂ ਪਾਈਏ।** ਭਾਵੇਂ ਸੰਘਰਸ਼ ਦਿੱਲੀ ਦੀਆਂ ਸੜਕਾਂ 'ਤੇ ਲੜਿਆ ਜਾ ਰਿਹਾ ਹੈ ਪਰ ਗੁਰੂ ਖਾਲਸਾ ਪੰਥ ਦੀਆਂ ਜ਼ਿੰਮੇਵਾਰੀਆਂ ਭੁਗੋਲਿਕ ਖੇਤਰਾਂ ਅਨੁਸਾਰ ਬੱਝੀਆਂ ਹੋਈਆਂ ਨਹੀਂ ਹਨ। ਗੁਰੂ ਖਾਲਸੇ ਪੰਥ ਦਾ ਜੁਝਾਰੂ ਨੌਜਵਾਨ ਇਤਿਹਾਸ ਦੇ ਹਰ ਯੁੱਗ ਵਿੱਚ ਕੌਮ ਦੀ ਸ਼ਾਨ ਰਿਹਾ ਹੈ ਜਿਸ ਉੱਪਰ ਅਸੀਂ ਮਾਣ ਕਰਦੇ ਹਾਂ । ਅੱਜ ਵੀ ਖਾਲਸਾ ਜੀ ਦੇ ਬੋਲਬਾਲੇ ਅਤੇ ਸਰਬੱਤ ਦੇ ਭਲੇ ਲਈ ਸੰਘਰਸ਼ ਕਰਨ ਦੀ ਜ਼ਿੰਮੇਵਾਰੀ ਸਾਡੇ ਮੋਢਿਆਂ ਉੱਪਰ ਹੈ ਭਾਂਵੇਂ ਆਪਾਂ ਕਿਤੇ ਵੀ ਵਿਚਰਦੇ ਹੋਈਏ।

ਸਾਡੇ ਵਲੋਂ ਹੇਠ ਲਿਖੇ ਕੁਝ ਸੁਝਾਅ ਹੀ ਹਨ ਜੋ ਕਿਸੇ ਵੀ ਤਰੀਕੇ ਨਾਲ ਸੰਪੂਰਨ ਨਹੀਂ ਹਨ ਅਤੇ ਨਾਂ ਹੀ ਇਹ ਸਾਡੇ ਵਲੋਂ ਕੋਈ ਅੰਤਮ ਨਿਰਣੇ ਹਨ।

**੧.** ਸਾਡੇ ਸੰਘਰਸ਼ ਦਾ ਟੀਚਾ ਇਹੀ ਹੈ ਕਿ ਆਪਾਂ ਦੁਨੀਆਂ ਉੱਤੇ ਸਿੱਖ ਹੋ ਕੇ ਵਿਚਰੀਏ (ਸਟੇਟ ਦੇ ਨਾਗਰਕ ਜਾਂ ਹੋਰ ਕਿਸੇ ਤਾਕਤ ਦੇ ਗੁਲਾਮ ਵਜੋਂ ਨਹੀਂ) ਅਤੇ ਖਾਲਸਾ ਜੀ ਦੇ ਬੋਲ-ਬਾਲੇ ਅਤੇ ਸਰਬੱਤ ਦੇ ਭਲੇ ਲਈ ਜਾਲਮਾਂ ਦੀ ਜੜ੍ਹ ਪੁੱਟੀ ਜਾਵੇ। ਇਹ ਗੱਲ ਫਿਰ ਸਵੈ-ਸਿੱਧ ਹੁੰਦੀ ਹੈ ਕਿ ਸਿੱਖੀ ਸਾਡਾ ਧੁਰਾ ਹੈ। ਇਸ ਲਈ ਆਪਣੇ ਜੀਵਨ ਨੂੰ ਨਾਮ-ਬਾਣੀ ਨਾਲ ਰੰਗਣਾ ਅਤੇ ਪੰਥਕ ਸੇਵਾ ਨੂੰ ਪ੍ਰਣਾਈ ਸਥਾਨਕ ਸੰਗਤ ਕਾਇਮ ਕਰਨੀ ਇਸ ਲੰਬੇ ਘੋਲ ਵਿੱਚ ਫਤਿਹ ਪਾਉਣ ਲਈ ਬੁਨਿਆਦੀ ਨੀਂਹ ਹੋਵੇਗੀ।

**੨.** ਆਪ ਨੂੰ ਅਤੇ ਆਪਣੀ ਸਥਾਨਕ ਸੰਗਤ ਨੂੰ ਜਾਗਰੂਕ ਕਰਨ ਦੇ ਕਾਰਜ ਵੀ ਮਹੱਤਵਪੂਰਣ ਸ਼ੁਰੂਆਤੀ ਕਦਮ ਹਨ। ਭਾਵੇਂ ਕਿ ਖੇਤੀ ਕਾਨੂੰਨਾਂ ਬਾਰੇ ਬਹੁਤ ਸਾਰੇ ਸਰੋਤ ਮੱਕੜਜਾਲ 'ਤੇ ਮਿਲਦੇ ਹਨ ਪਰ ਇਸਨੂੰ ਡੂੰਘਾਈ ਵਿੱਚ ਜਾ ਕੇ ਸਮਝਣਾ ਜਰੂਰੀ ਹੈ ਤਾਂ ਜੋ ਅਸੀਂ ਮੌਜੂਦਾ ਅੰਦੋਲਨ ਨੂੰ ਸਿੱਖ ਸੰਘਰਸ਼ ਦੇ ਭਾਰਤ ਨਾਲ ਚੱਲ ਰਹੇ ਰਾਜਨੀਤਕ ਟਕਰਾਅ ਦੇ ਪ੍ਰਸੰਗ ਵਿੱਚ ਸਮਝ ਸਕੀਏ। ਭਾਰਤੀ ਹਕੂਮਤ ਦੇ ਸੁਭਾਅ ਅਤੇ ਇਸ ਦੇ ਸਾਮਰਾਜਵਾਦ ਨਾਲ ਸਬੰਧਾਂ ਨੂੰ ਜਾਨਣ ਦੇ ਨਾਲ ਨਾਲ ਸੰਸਾਰ ਵਿਚ ਗੁਰੂ ਖਾਲਸਾ ਪੰਥ ਦੀ ਭੂਮਿਕਾ ਨੂੰ ਸਮਝਣਾ ਵੀ ਲਾਜ਼ਮੀ ਹੈ। ਇਹ ਪਹਿਲਕਦਮੀਆਂ ਕਈ ਰੂਪ ਲੈ ਸਕਦੀਆਂ ਹਨ ਜਿਹਨਾਂ ਨੂੰ ਦੁਨੀਆ ਭਰ ਵਿੱਚ ਲੋਕਰਾਇ ਅਤੇ ਲੋਕਨੀਤੀ ਨੂੰ ਉਸਾਰੇ ਜਾਣ ਵਿੱਚ ਵਰਤਿਆ ਜਾਵੇ।

**੩.** ਸਾਨੂੰ ਦੁਨੀਆ ਭਰ ਦੀਆਂ ਵੱਖ ਵੱਖ ਸਰਕਾਰਾਂ ਅਤੇ ਕਾਰਪੋਰੇਸ਼ਨਾਂ ਦੇ ਗਠਜੋੜਾਂ ਦੀ ਨਿਸ਼ਾਨਦੇਹੀ ਕਰਨੀ ਪਵੇਗੀ ਜੋ ਅੰਬਾਨੀ ਅਡਾਨੀ ਵਰਗਿਆਂ ਨਾਲ ਸੰਬੰਧ ਬਣਾ ਕੇ ਇਹਨਾਂ ਕਾਨੂੰਨਾਂ ਤੋਂ ਲਾਹਾ ਲੈਣ ਦੀ ਤਾਕ ਵਿੱਚ ਹਨ। ਉਦਾਹਰਣ ਵਜੋਂ ਕੁਝ ਪੱਤਰਕਾਰਾਂ ਨੇ ਇਹਨਾਂ ਕਾਨੂੰਨਾਂ ਤੋਂ ਲਾਭ ਲੈਣ ਵਾਲੀ ਅੰਬਾਨੀ ਦੀ ਕੰਪਨੀ ਰਿਲਾਇੰਸ ਦਾ ਕਨੇਡਾ ਦੀਆਂ ਕੰਪਨੀਆਂ ਅਤੇ ਖੋਜ ਅਦਾਰਿਆਂ ਨਾਲ ਲੁਕਵੇਂ ਸੰਬੰਧਾਂ ਦਾ ਇੰਕਸ਼ਾਫ ਕੀਤਾ ਜਿਸ ਰਾਹੀਂ ਖਾਲਿਸਤਾਨ ਦੇ ਸੰਘਰਸ਼ ਨੂੰ ਹਊਆ ਬਣਾ ਕੇ ਬਦਨਾਮ ਕਰਨ ਦੀ ਕੋਝੀ ਕੋਸ਼ਿਸ਼ ਪਿਛਲੇ ਸਾਲ ਕੀਤੀ ਗਈ ਸੀ। ਸਰਕਾਰਾਂ ਦੇ ਆਪਸੀ ਵਪਾਰ ਸਮਝੌਤਿਆਂ ਦੇ ਸੰਬੰਧ ਵਿੱਚ ਪੰਥਕ ਸੇਵਾਦਾਰਾਂ ਦੇ ਦਮਨਕਾਰੀ ਅਪਰਾਧੀਕਰਨ ਅਤੇ ਸ਼ੋਸ਼ਲ ਮੀਡੀਆ ਉੱਪਰ ਸਿੱਖ ਅਵਾਜ਼ ਨੂੰ ਦਬਾਉਣ ਵਾਲੀਆਂ ਸਾਜਿਸ਼ਾਂ ਦਾ ਪਤਾ ਲਾਉਣ ਵਾਲਾ ਬਹੁਤ ਸਾਰਾ ਕੰਮ ਵੀ ਕਰਨ ਵਾਲਾ ਹੈ।

**੪.** ਜਿਵੇਂ ਜਿਵੇਂ ਸਾਨੂੰ ਇਹਨਾਂ ਦੀਆਂ ਸਾਂਝ ਭਿਆਲੀਆਂ ਦਾ ਪਤਾ ਚੱਲੀ ਜਾਂਦਾ ਹੈ ਉਵੇਂ ਉਵੇਂ ਸਾਨੂੰ ਦਿੱਲੀ ਵਿੱਚ ਸੰਘਰਸ਼ ਕਰ ਰਹੇ ਵੀਰਾਂ-ਭੈਣਾਂ ਦੇ ਸਾਥ ਵਜੋਂ ਇਹਨਾਂ ਅਦਾਰਿਆਂ ਅਤੇ ਕਾਰਪੋਰੇਸ਼ਨਾਂ ਵੱਲੋਂ ਵੇਚੀਆਂ ਜਾਂਦੀਆਂ ਵਸਤਾਂ ਦੇ ਬਾਈਕਾਟ ਦੀ ਮੁਹਿੰਮ ਨੂੰ ਤੇਜ ਕਰਨ ਦੀ ਜ਼ਰੂਰਤ ਹੈ। ਇਸ ਮੁਹਿੰਮ ਨੂੰ ਦੁਨੀਆ ਭਰ ਵਿੱਚ ਵਧੀਆ ਤਰੀਕੇ ਨਾਲ ਨਿਰਵਿਘਨ ਚਲਾਉਣ ਲਈ ਸਾਂਝਾ ਉੱਦਮ ਕੀਤਾ ਜਾਵੇ ਜਿਸ ਨਾਲ ਸਾਡੇ ਟੀਚਿਆਂ ਵਿੱਚ ਇਕਸਾਰਤਾ, ਰਣਨੀਤੀਕ ਕੁਸ਼ਲਤਾ ਅਤੇ ਸਪੱਸ਼ਟ ਬਿਰਤਾਂਤ ਨੂੰ ਯਕੀਨੀ ਬਣਾਇਆ ਜਾ ਸਕੇ।

**੫.** ਇਸ ਮੋਰਚੇ ਨੇ ਇਹ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਹੈ ਕਿ ਸਾਨੂੰ ਪੰਜਾਬ ਦੇ ਖੇਤੀ ਢਾਂਚੇ ਨੂੰ ਪੰਜਾਬ ਦੀਆਂ ਜ਼ਰੂਰਤਾਂ ਅਨੁਸਾਰ ਅਤੇ ਵਾਤਾਵਰਣ ਦੀ ਸੁਰਜੀਤੀ ਲਈ ਪੂਰਨ ਰੂਪ ਵਿੱਚ ਬਦਲਣ ਦੀ ਲੋੜ ਹੈ। ਇਸ ਟੀਚੇ ਨੂੰ ਸਰ ਕਰਨ ਲਈ ਲੋੜੀਂਦੇ ਰਾਜਸੀ ਮਾਹੌਲ ਅਤੇ ਢਾਂਚਿਆਂ ਦੀ ਸਥਾਪਤੀ ਦੇ ਕਾਰਜਾਂ ਦੇ ਨਾਲ ਨਾਲ, ਪੰਜਾਬ ਦੀ ਸੰਗਤ ਨੇ ਜ਼ਮੀਨੀ ਪੱਧਰ 'ਤੇ ਪੰਜਾਬ ਕੇਂਦਰਿਤ ਖੇਤੀ ਢਾਂਚੇ ਦੀ ਉਸਾਰੀ ਲਈ ਪੰਜਾਬ ਦੇ ਕਿਸਾਨਾਂ ਨਾਲ ਜਾ ਕੇ ਸੰਵਾਦ ਰਚਾਉਣ ਦੇ ਕਾਰਜ ਸ਼ੁਰੂ ਕੀਤੇ ਹਨ। ਪੰਜਾਬ ਤੋਂ ਬਾਹਰ ਵਸਦੇ ਲੋਕਾਂ ਨੂੰ ਇਨ੍ਹਾਂ ਕੋਸ਼ਿਸ਼ਾਂ ਨੂੰ ਹੱਲਾਸ਼ੇਰੀ ਦੇਣ ਦੇ ਲਈ ਇਹਨਾਂ ਆਵਾਜ਼ਾਂ ਨੂੰ ਬੁਲੰਦ ਕਰਨ ਲਈ ਯਤਨ ਕਰਨੇ ਚਾਹੀਦੇ ਹਨ ਅਤੇ ਆਪੋ-ਆਪਣੇ ਪਿੰਡਾਂ ਵਿਚ ਲੋੜੀਂਦੇ ਬੁਨਿਆਦੀ ਢਾਂਚੇ ਕਾਇਮ ਕਰਨ ਲਈ ਸਿੱਧੇ ਤੌਰ 'ਤੇ ਮਾਇਕ ਮੱਦਦ ਨਾਲ ਇਹਨਾਂ ਪਹਿਲਕਦਮੀਆਂ ਦਾ ਸਮਰਥਨ ਕੀਤਾ ਜਾ ਸਕਦਾ ਹੈ।

**੬.** ਮੋਰਚੇ ਦੀ ਕਾਰਜਸ਼ੈਲੀ ਨੇ ਵੱਖ ਵੱਖ ਧਿਰਾਂ ਨਾਲ ਗੱਠਜੋੜ ਬਣਾਉਣ ਦੀ ਮਹੱਤਤਾ ਅਤੇ ਉਸ ਦੀ ਸ਼ਕਤੀ ਨੂੰ ਦਰਸਾਇਆ ਹੈ। ਜਿੱਥੇ ਵੀ ਅਸੀਂ ਰਹਿੰਦੇ ਹਾਂ ਓਥੇ ਖਾਲਸਾ ਜੀ ਦੀ ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਦੀ ਰੀਤ ਅਨੁਸਾਰ ਸਾਨੂੰ ਹਰ ਖਿੱਤੇ ਵਿੱਚ ਸਟੇਟ ਦੀਆਂ ਤਾਕਤਾਂ ਅਤੇ ਪੂੰਜੀਵਾਦੀ ਗਲਬੇ ਵਿਰੁੱਧ ਲੜ ਰਹੀਆਂ ਧਿਰਾਂ ਨਾਲ ਰਲ ਕੇ ਸਾਂਝ ਬਨਾਉਣੀ ਚਾਹੀਦੀ ਹੈ। ਜਦੋਂ ਕਿ ਅਸੀਂ ਭਾਰਤੀ ਸਟੇਟ ਦੀ ਹਿੰਸਾ ਦਾ ਵਿਰੋਧ ਕਰ ਰਹੇ ਹਾਂ ਤਾਂ ਸਾਨੂੰ ਉਨ੍ਹਾਂ ਵਿਸ਼ਵਵਿਆਪੀ ਤਾਕਤਾਂ ਦਾ ਵੀ ਵਿਰੋਧ ਕਰਨਾ ਚਾਹੀਦਾ ਹੈ ਜੋ ਭਾਰਤੀ ਹਿੰਸਾ ਦਾ ਸਮਰਥਨ ਕਰਦੀਆਂ ਹਨ ਅਤੇ ਉਸ ਤੋਂ ਮੁਨਾਫਾ ਕਮਾਉਂਦੀਆਂ ਹਨ। ਜਿਹਨਾਂ ਮੁਲਕਾਂ ਵਿੱਚ ਸਾਡਾ ਪ੍ਰਦੇਸੀ ਭਾਈਚਾਰਾ ਵੱਡੀ ਗਿਣਤੀ ਵਿੱਚ ਰਹਿੰਦਾ ਹੈ ਇਹੀ ਮੁਲਕ ਸਾਲਾਂ ਤੋਂ ਭਾਰਤ ਉੱਪਰ ਇਹਨਾਂ ਅਖੌਤੀ ਸੁਧਾਰਾਂ ਲਈ ਜ਼ੋਰ ਪਾ ਰਹੇ ਸਨ ਅਤੇ ਇਹਨਾਂ ਤੋਂ ਭਰਪੂਰ ਲਾਭ ਲੈਣ ਦੀ ਤਾਕ ਵਿੱਚ ਹਨ।

**੭.** ਅੰਤ ਵਿੱਚ ਸਾਨੂੰ ਲਾਜ਼ਮੀ ਤੌਰ 'ਤੇ ਪੰਜਾਬ ਦੀ ਧਰਤੀ, ਪਿੰਡਾਂ, ਅਤੇ ਪੰਥ ਸੇਵਕਾਂ ਨਾਲ ਸਾਰਥਕ ਸੰਪਰਕ ਜੋੜਨਾ ਚਾਹੀਦਾ ਹੈ। ਤੁਹਾਨੂੰ ਜਾਂ ਤੁਹਾਡੀ ਸੰਸਥਾ ਨੂੰ ਜੋ ਵੀ ਗੁਰੂ ਸਾਹਿਬ ਨੇ ਹੁਨਰ ਜਾਂ ਰੁਚੀਆਂ ਦਿੱਤੀਆਂ ਹਨ ਉਹਨਾਂ ਦਾ ਲਾਭ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲਿਆਂ ਨੂੰ ਪਹੁੰਚਾਉਣ ਦੇ ਤਰੀਕੇ ਲੱਭਣੇ ਚਾਹੀਦੇ ਹਨ। ਪੰਜਾਬ ਨਾਲ ਸਾਂਝ ਸਿਰਫ਼ ਸੈਰ-ਸਪਾਟੇ ਜਾਂ ਖਪਤ ਤੋਂ ਪਾਰ ਕਰਕੇ ਡੂੰਗੇ ਰਿਸ਼ਤੇ ਸਿਰਜਣ ਦੇ ਤਰੀਕੇ ਲੱਭੋ ਜਿਸ ਨਾਲ ਤੁਸੀਂ ਇਸ ਸੰਘਰਸ਼ ਵਿੱਚ ਸਿੱਧਾ ਅਤੇ ਸਾਰਥਕ ਯੋਗਦਾਨ ਪਾ ਸਕੋ। ਜ਼ਮੀਨ 'ਤੇ ਕੰਮ ਕਰਦੇ ਪੰਥ ਸੇਵਕਾਂ ਨਾਲ ਜੁੜੋ ਅਤੇ ਉਹਨਾਂ ਦੀਆਂ ਅਵਾਜ਼ਾਂ ਨੂੰ ਦੁਨੀਆ ਭਰ ਦੇ ਕੋਨੇ ਕੋਨੇ ਤੱਕ ਪਹੁੰਚਾਓ।


TYRES
adidas

## **ਵਧੇਰੇ ਜਾਣਕਾਰੀ ਲਈ ਹੋਰ ਸ੍ਰੋਤ:**

*ਅਗਾਂਹ ਵੱਲ ਨੂੰ ਤੁਰਦਿਆਂ..* (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ: ਸੰਵਾਦ, ੨੦੨੦), online: https://samvadblog.com/ਅਗਾਂਹ-ਵੱਲ-ਨੂੰ-ਤੁਰਦਿਆਂ-ਸਰਬ

ਭਾਈ ਦਲਜੀਤ ਸਿੰਘ, "ਖਾਲਿਸਤਾਨ ਐਲਾਨਨਾਮੇ ਦੀ ੩੪ਵੀਂ ਵਰ੍ਹੇਗੰਢ ਮੌਕੇ ਸੰਦੇਸ਼," ਸਿੱਖ ਸਿਆਸਤ (੨੯ ਅਪ੍ਰੈਲ ੨੦੨੦), online: https://www.sikhsiyasat.info/bhai-daljit-singh-on-khalistan-declaration-day

ਭਾਈ ਦਲਜੀਤ ਸਿੰਘ, *ਅੱਗੇ ਤੁਰਨ ਤੋਂ ਪਹਿਲਾਂ..ਇਕ ਨਜ਼ਰ ਅਤੇ ਨਜ਼ਰੀਆ* (ਸਿੱਖ ਸਿਆਸਤ: ਜੂਨ 2015), online: https://www.sikhsiyasat.info/bhai-daljit-singh-issues-position-document-sets-ground-for-discussion-about-future-course-of-struggle

A Sovereign World (Boycott resources): https://asovereignworld.com/kisaan

Angana P Chatterji et al, *Majoritarian State: How Hindu Nationalism is Changing India* (Oxford: Oxford University Press, 2019).

Birinder Pal Singh, *Violence as Political Discourse: Sikh Militancy Confronts the Indian State* (Shimla: Indian Institute of Advanced Study, 2002).

Panth-Punjab Project: https://panthpunjab.org


Pritam Singh, "BJP's Farming Policies: Deepening Agrobusiness Capitalism and Centralisation" (2020) 55:41 *Economic & Political Weekly*, online: https://www.epw.in/journal/2020/41/commentary/bjps-farming-policies.html

Pritam Singh, Federalism, *Nationalism and Development: India and the Punjab Economy* (New York: Routledge, 2008).

Ravinder Kaur, *Brand New Nation: Capitalist Dreams and Nationalist Designs in Twenty-First-Century India* (Stanford: Stanford University Press, 2020).

*Who Speaks for Khalistan: Narrating Sikh Liberation* (Surrey: Khalistan Centre, 2020), online: https://www.khalistan.org/publications

Photography courtesy of @gurnoorriar


ਸ਼ਰੀਰ ਦਾਂ ਮਰਨਾਂ ਮੌਤ ਨਹੀਂ
ਜ਼ਮੀਰ ਦਾਂ ਮਰ ਜਾਣਾਂ
ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ




KHALISTAN
CENTRE

WWW.KHALISTAN.ORG